
# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 17.06.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | June 2024 | Published in Punjab | Pages 8



## ਪੱਛਮੀ ਬੰਗਾਲ 'ਚ ਵੱਡਾ ਰੇਲ ਹਾਦਸਾ, ਕੰਚਨਜੰਗਾ ਐਕਸਪ੍ਰੈਸ ਨਾਲ ਟਕਰਾਈ ਮਾਲ ਗੱਡੀ

ਪੱਛਮੀ ਬੰਗਾਲ ਵਿੱਚ ਇੱਕ ਵੱਡਾ ਰੇਲ ਹਾਦਸਾ ਵਾਪਰਿਆ ਹੈ। ਇੱਥੇ ਟ੍ਰੈਕ 'ਤੇ ਖੜ੍ਹੀ ਕੰਚਨਗੰਗਾ ਐਕਸਪ੍ਰੈਸ ਰੇਲ ਗੱਡੀ ਨੂੰ ਪਿੱਛੇ ਤੋਂ ਤੇਜ਼ ਰਫਤਾਰ ਨਾਲ ਆ ਰਹੀ ਮਾਲ ਗੱਡੀ ਨੇ ਜ਼ਬਰਦਸਤ ਟੱਕਰ ਮਾਰ ਦਿੱਤੀ, ਇਸ ਹਾਦਸੇ 'ਚ ਹੁਣ ਤੱਕ 5 ਲੋਕਾਂ ਦੀ ਮੌਤ ਹੋ ਗਈ ਹੈ। ਦੱਸਿਆ ਜਾ ਰਿਹਾ ਹੈ ਕਿ NJP ਤੋਂ ਸਿਆਲਦਾਹ ਜਾ ਰਹੀ ਕੰਚਨਜੰਗਾ ਐਕਸਪ੍ਰੈਸ ਸਿਲੀਗੁੜੀ ਪਾਰ ਕਰਨ ਤੋਂ ਬਾਅਦ ਰੰਗਪਨੀਰ ਸਟੇਸ਼ਨ ਦੇ ਕੋਲ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਹਾਦਸੇ ਵਿੱਚ ਰੇਲਗੱਡੀ ਦੇ ਪਿਛਲੇ ਪਾਸੇ ਦੀਆਂ ਤਿੰਨ ਬੋਗੀਆਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਹਨ। ਦੱਸਿਆ ਜਾ ਰਿਹਾ ਹੈ ਕਿ ਇਸ ਹਾਦਸੇ 'ਚ ਹੁਣ ਤੱਕ 5 ਯਾਤਰੀਆਂ ਦੀ ਮੌਤ ਹੋ ਚੁੱਕੀ ਹੈ। ਰੇਲਵੇ ਤੋਂ ਮਿਲੀ ਜਾਣਕਾਰੀ ਮੁਤਾਬਕ ਹਾਦਸੇ 'ਚ ਦੋ ਯਾਤਰੀ ਬੋਗੀਆਂ ਅਤੇ ਇਕ ਪਾਰਸਲ ਬੋਗੀ ਨੁਕਸਾਨੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਹਾਦਸੇ 'ਚ ਕਈ ਲੋਕ ਜ਼ਖਮੀ ਹੋ ਸਕਦੇ ਹਨ। ਘਟਨਾ ਵਾਲੀ ਥਾਂ 'ਤੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਨੂੰ ਅਲਰਟ 'ਤੇ ਰੱਖਿਆ ਗਿਆ ਹੈ। ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਇਸ ਹਾਦਸੇ 'ਤੇ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ NFR ਖੇਤਰ 'ਚ ਮੰਦਭਾਗਾ ਹਾਦਸਾ ਵਾਪਰਿਆ ਹੈ। ਬਚਾਅ ਕਾਰਜ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਰੇਲਵੇ, NDRF ਅਤੇ SDRF ਨਜ਼ਦੀਕੀ ਤਾਲਮੇਲ ਨਾਲ ਕੰਮ ਕਰ ਰਹੇ ਹਨ। ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਹੈ। ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਹਨ।ਇਸ ਘਟਨਾ 'ਤੇ CM ਮਮਤਾ ਬੈਨਰਜੀ ਨੇ ਟਵੀਟ ਕੀਤਾ ਹੈ। ਮਮਤਾ ਨੇ ਲਿਖਿਆ ਹੈ ਕਿ ਉਹ ਦਾਰਜੀਲਿੰਗ ਜ਼ਿਲੇ ਦੇ ਫਾਂਸੀਦੇਵਾ ਇਲਾਕੇ 'ਚ ਹੋਏ ਦਰਦਨਾਕ ਰੇਲ ਹਾਦਸੇ ਬਾਰੇ ਜਾਣ ਕੇ ਹੈਰਾਨ ਹੈ। ਹਾਲਾਂਕਿ ਵੇਰਵਿਆਂ ਦੀ ਉਡੀਕ ਹੈ, ਕੰਚਨਜੰਗਾ ਐਕਸਪ੍ਰੈਸ ਕਥਿਤ ਤੌਰ 'ਤੇ ਇੱਕ ਮਾਲ ਰੇਲਗੱਡੀ ਨਾਲ ਟਕਰਾ ਗਈ ਹੈ। ਬਚਾਅ ਅਤੇ ਡਾਕਟਰੀ ਸਹਾਇਤਾ ਲਈ ਡੀਐਮ, ਐਸਪੀ, ਡਾਕਟਰ, ਐਂਬੂਲੈਂਸ ਅਤੇ ਡਿਜ਼ਾਸਟਰ ਟੀਮਾਂ ਨੂੰ ਮੌਕੇ 'ਤੇ ਭੇਜਿਆ ਗਿਆ ਹੈ। ਨੂੰ ਜੰਗੀ ਪੱਧਰ 'ਤੇ ਕਾਰਵਾਈ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

## ਅਮਿਤ ਸ਼ਾਹ ਨੇ ਜੰਮੂ-ਕਸ਼ਮੀਰ 'ਚ ਸੁਰੱਖਿਆ ਸਥਿਤੀ ਦੀ ਸਮੀਖਿਆ ਲਈ ਕੀਤੀ ਉੱਚ ਪੱਧਰੀ ਬੈਠਕ



ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਜੰਮੂ-ਕਸ਼ਮੀਰ ਬਾਰੇ ਉੱਚ ਪੱਧਰੀ ਸੁਰੱਖਿਆ ਬੈਠਕ ਦੀ ਪ੍ਰਧਾਨਗੀ ਕੀਤੀ। ਇਸ 'ਚ ਅਮਰਨਾਥ ਦੀ ਸਾਲਾਨਾ ਤੀਰਥ ਯਾਤਰਾ ਲਈ ਸੁਰੱਖਿਆ ਪ੍ਰਬੰਧਾਂ ਅਤੇ ਕੁਝ ਦਿਨ ਪਹਿਲਾਂ ਹੋਏ ਅੱਤਵਾਦੀ ਹਮਲਿਆਂ ਨੂੰ ਧਿਆਨ 'ਚ ਰਖਦਿਆਂ ਜੰਮੂ ਖੇਤਰ 'ਚ ਮੌਜੂਦਾ ਸੁਰੱਖਿਆ ਸਥਿਤੀ' ਦੀ ਸਮੀਖਿਆ ਕੀਤੀ ਗਈ। ਸ਼ਾਹ ਨੇ ਏਜੰਸੀਆਂ ਨੂੰ ਨਿਰਦੇਸ਼ ਦਿੱਤਾ ਕਿ ਉਹ ਜੰਮੂ 'ਚ ਏਰੀਆ ਡੋਮੀਨੇਸ਼ਨ ਪਲਾਨ ਤੇ ਜ਼ੀਰੋ ਟੈਰਰ ਪਲਾਨ ਰਾਹੀਂ ਕਸ਼ਮੀਰ ਵਾਦੀ 'ਚ ਹਾਸਲ ਕੀਤੀਆਂ ਸਫਲਤਾਵਾਂ ਨੂੰ ਦੁਹਰਾਉਣ। ਮੋਦੀ ਸਰਕਾਰ ਅਤਵਾਦੀਆਂ ਖ਼ਿਲਾਫ਼ ਨਿਵੇਕਲੇ ਤਰੀਕਿਆਂ ਰਾਹੀਂ ਕਾਰਵਾਈ ਕਰ ਕੇ ਮਿਸਾਲ ਕਾਇਮ ਕਰਨ ਲਈ ਵਚਨਬੱਧ ਹੈ। ਨਵੀਂ ਦਿੱਲੀ 'ਚ ਹੋਈ ਇਸ ਬੈਠਕ 'ਚ ਕੇਂਦਰ ਸ਼ਾਸਿਤ ਪ੍ਰਦੇਸ਼ ਦੀ ਸੁਰੱਖਿਆ ਦੇ ਨਾਲ-ਨਾਲ ਅਮਰਨਾਥ ਯਾਤਰਾ ਲਈ ਪੂਰੀ ਸੁਰੱਖਿਆ ਵਿਵਸਥਾ, ਯਾਤਰਾ ਰੂਟਾਂ 'ਤੇ ਵਿਸ਼ੇਸ਼ ਸੁਰੱਖਿਆ ਪ੍ਰਬੰਧ, ਰਾਜ ਮਾਰਗਾਂ 'ਤੇ ਸੁਰੱਖਿਆ ਫੋਰਸਾਂ ਦੀ ਵਾਧੂ ਤਾਇਨਾਤੀ ਅਤੇ ਸਾਰੇ ਤੀਰਥ ਅਸਥਾਨਾਂ ਤੇ ਸੈਲਾਨੀਆਂ ਨੂੰ ਲੈ ਕੇ ਚੌਕਸੀ ਵਰਤਣ ਦਾ ਸੱਦਾ ਦਿੱਤਾ ਰਿਆ।ਗ੍ਰਹਿ ਮੰਤਰੀ ਦੀ ਪ੍ਰਧਾਨਗੀ ਹੇਠ ਬੁਲਾਈ ਗਈ ਇਸ ਮੀਟਿੰਗ 'ਚ ਐੱਨ. ਐੱਸ. ਏ. ਅਜੀਤ ਡੋਭਾਲ, ਐੱਲ. ਜੀ. ਮਨੋਜ ਸਿਨ੍ਹਾ, ਜ਼ਮੀਨੀ ਫੌਜ ਦੇ ਮੁਖੀ ਜਨਰਲ ਮਨੋਜ ਪਾਂਡੇ, ਲੈਫ਼. ਜਨਰਲ ਉਪੇਂਦਰ ਦਿਵੇਦੀ, ਸੀ. ਐੱਸ. ਡੁੱਲੂ, ਡੀ. ਜੀ .ਪੀ . ਸਵੈਨ, ਏ. ਡੀ. ਜੀ.ਪੀ. ਵਿਜੇ ਕੁਮਾਰ ਤੇ ਹੋਰ ਉੱਚ ਅਧਿਕਾਰੀ ਸ਼ਾਮਲ ਸਨ।

## ਕਿਸਾਨਾਂ ਦੇ ਧਰਨੇ ਦਾ ਦੂਜਾ ਦਿਨ, ਡਿਪਟੀ ਕਮਿਸ਼ਨਰ ਨਾਲ ਮੁਲਾਕਾਤ ਕਰਨਗੇ




ਦੇਸ਼ ਦਾ ਸਭ ਤੋਂ ਮਹਿੰਗਾ ਟੋਲ ਪਲਾਜ਼ਾ ਲਾਡੋਵਾਲ ਅੱਜ ਵੀ ਫਰੀ ਰਹੇਗਾ। ਕਿਸਾਨ ਜਥੇਬੰਦੀਆਂ ਦੀ ਹੜਤਾਲ ਅੱਜ ਦੂਜੇ ਦਿਨ ਵਿੱਚ ਦਾਖ਼ਲ ਹੋ ਗਈ ਹੈ। ਧਰਨੇ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ ਭਾਗ ਲੈ ਰਹੇ ਹਨ। ਕਿਸਾਨ ਸ਼ਿਫਟ ਅਨੁਸਾਰ ਇਸ ਧਰਨੇ ਵਿੱਚ ਸ਼ਾਮਲ ਹੋ ਰਹੇ ਹਨ।ਕੁਝ ਕਿਸਾਨ ਖੇਤਾਂ ਵਿੱਚ ਕੰਮ ਕਰਨ ਲਈ ਚਲੇ ਜਾਂਦੇ ਹਨ, ਜਦੋਂ ਕਿ ਕੁਝ ਕਿਸਾਨ ਧਰਨੇ ਵਿੱਚ ਆਪਣੀ ਹਾਜ਼ਰੀ ਲਵਾ ਰਹੇ ਹਨ। ਲੁਧਿਆਣਾ ਦੀ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਅੱਜ ਕਿਸਾਨਾਂ ਨਾਲ ਗੱਲਬਾਤ ਕਰਨ ਜਾ ਰਹੀ ਹਨ। ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਦਿਲਬਾਗ ਸਿੰਘ ਨੇ ਦੱਸਿਆ ਕਿ ਟੋਲ 'ਤੇ ਅਣਮਿੱਥੇ ਸਮੇਂ ਲਈ ਹੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਅੱਜ ਸੋਮਵਾਰ ਨੂੰ ਡਿਪਟੀ ਕਮਿਸ਼ਨਰ ਗੱਲਬਾਤ ਲਈ ਮੌਕੇ 'ਤੇ ਆਉਣਗੇ। ਜਦੋਂ ਤੱਕ ਟੋਲ ਦਰਾਂ ਨਹੀਂ ਘਟਾਈਆਂ ਜਾਂਦੀਆਂ, ਉਦੋਂ ਤੱਕ ਟੋਲ ਸ਼ੁਰੂ ਨਹੀਂ ਹੋਣ ਦਿੱਤਾ ਜਾਵੇਗਾ।ਕਿਸਾਨ ਐਤਵਾਰ ਸਵੇਰ ਤੋਂ ਹੀ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਹਨ। ਕਿਸੇ ਵੀ ਡਰਾਈਵਰ ਨੂੰ ਜਾਮ ਵਿੱਚ ਫਸਣ ਨਹੀਂ ਦਿੱਤਾ ਜਾ ਰਿਹਾ ਹੈ। ਦਿਲਬਾਗ ਸਿੰਘ ਨੇ ਦੱਸਿਆ ਕਿ ਮੁਲਾਜ਼ਮਾਂ ਨੂੰ ਹਟਾ ਕੇ ਟੋਲ ਬੂਥ ਖਾਲੀ ਕਰਵਾਏ ਗਏ ਹਨ। ਇਸ ਉਪਰੰਤ ਖਾਲੀ ਗਲੀ ਵਿੱਚ ਮੈਟ ਵਿਛਾ ਕੇ ਧਰਨਾ ਦਿੱਤਾ ਗਿਆ। ਇਸ ਟੋਲ ਦੀਆਂ ਦਰਾਂ ਵਿੱਚ ਇੱਕ ਸਾਲ ਵਿੱਚ ਤੀਜੀ ਵਾਰ ਵਾਧਾ ਕੀਤਾ ਗਿਆ ਹੈ। ਇਹ ਪੰਜਾਬ ਦਾ ਸਭ ਤੋਂ ਮਹਿੰਗਾ ਟੋਲ ਹੈ। ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਵਾਹਨ 'ਤੇ ਫਾਸਟ ਟੈਗ ਨਹੀਂ ਹੈ ਤਾਂ ਉਸ ਨੂੰ ਇਕ ਯਾਤਰਾ ਲਈ 430 ਰੁਪਏ ਟੈਕਸ ਦੇਣਾ ਪੈਂਦਾ ਹੈ।

## ਦਿੱਲੀ ਸਟੇਟ ਕੈਂਸਰ ਹਸਪਤਾਲ 'ਚ ਮਰੀਜ਼ਾਂ ਦਾ ਇਲਾਜ ਹੋਇਆ ਮੁਸ਼ਕਲ



ਦਿੱਲੀ ਸਟੇਟ ਕੈਂਸਰ ਹਸਪਤਾਲ 'ਚ ਐਂਟੀਬਾਇਓਟਿਕ ਦਵਾਈਆਂ ਅਤੇ ਹੋਰ ਸਾਧਨਾਂ ਦੀ ਭਾਰੀ ਘਾਟ ਕਾਰਨ, ਜਿੱਥੇ ਸੰਸਥਾ 'ਚ ਦਾਖ਼ਲ ਮਰੀਜ਼ਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉੱਥੇ ਹੀ, ਡਾਕਟਰਾਂ ਨੂੰ ਵੀ ਉਨ੍ਹਾਂ ਦਾ ਇਲਾਜ ਕਰਨ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਦਿੱਲੀ ਸਟੇਟ ਕੈਂਸਰ ਹਸਪਤਾਲ 'ਚ ਮਰੀਜ਼ਾਂ ਲਈ ਜ਼ਰੂਰੀ ਕਈ ਆਈ. ਵੀ. (ਇੰਟਰਾਵੇਨਸ) ਐਂਟੀਬਾਇਓਟਿਕਸ ਦਵਾਈਆਂ ਨਾਲ ਵਾਰਡ 'ਚ ਦਾਖਲ ਮਰੀਜ਼ਾਂ ਦੇ ਇਲਾਜ ਲਈ ਆਰ. ਐੱਲ. ਦੀ ਬੋਤਲ ਅਤੇ 10 ਮਿ. ਲੀ. ਦੀਆਂ ਸਰਿੰਜਾਂ ਵੀ ਉਪਲਬਧ ਨਹੀਂ ਹਨ। ਦਰਅਸਲ 'ਚ, ਬੀਮਾਰ ਮਰੀਜ਼ਾਂ ਨੂੰ ਅਕਸਰ ਆਈ. ਵੀ. ਦਵਾਈਆਂ ਵੀ ਡਰਿੱਪ ਰਾਹੀਂ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕਈ ਹੋਰ ਜ਼ਰੂਰੀ ਐਂਟੀਬਾਇਓਟਿਕਸ ਦਵਾਈਆਂ ਵੀ ਆਈ. ਵੀ. ਦੇ ਰੂਪ 'ਚ ਮੌਜੂਦ ਨਹੀਂ ਹਨ।

ਇੱਥੋਂ ਤੱਕ ਕਿ ਇਨਫੈਕਸ਼ਨ ਕੰਟਰੋਲ ਲਈ ਜ਼ਰੂਰੀ ਮੰਨੀਆਂ ਜਾਣ ਵਾਲੀਆਂ ਆਈ. ਵੀ. ਐਂਟੀਬਾਇਓਟਿਕ ਦਵਾਈਆਂ, ਜਿਵੇਂ ਮੋਨੋਸੇਫ, ਮੈਟ੍ਰੋਜਿਲ, ਟੈਜ਼ੈਕਟ, ਔਗਮੈਂਟਿਨ ਤੱਕ ਮੁਹੱਈਆ ਨਹੀਂ ਹਨ।



## ਇਕੱਠਿਆਂ ਚੋਣ ਲੜਨ ਨੂੰ ਤਿਆਰ ਊਧਵ, ਪ੍ਰਿਥਵੀਰਾਜ ਅਤੇ ਸ਼ਰਦ ਪਵਾਰ

ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਮਹਾਰਾਸ਼ਟਰ 'ਚ ਵਿਰੋਧੀ ਧਿਰ ਮਹਾ ਵਿਕਾਸ ਅਘਾੜੀ (ਐੱਮ. ਵੀ. ਏ.) ਗੱਠਜੋੜ ਨੇ ਵਿਧਾਨ ਸਭਾ ਚੋਣਾਂ ਦੀ ਤਿਆਰੀ ਸ਼ੁਰੂ ਕਰ ਦਿੱਤੀ ਹੈ। ਹਾਲ ਹੀ 'ਚ ਊਧਵ ਠਾਕਰੇ, ਸ਼ਰਦ ਪਵਾਰ ਅਤੇ ਪ੍ਰਿਥਵੀਰਾਜ ਚਵਾਨ ਨੇ ਸੀਟਾਂ ਦੀ ਵੰਡ ਨੂੰ ਲੈ ਕੇ ਚਰਚਾ ਕੀਤੀ ਹੈ। ਲੋਕ ਸਭਾ ਚੋਣਾਂ ਦੇ ਨਤੀਜਿਆਂ ਨੇ ਐੱਮ. ਵੀ. ਏ. ਦੀਆਂ ਸਹਿਯੋਗੀ ਪਾਰਟੀਆਂ 'ਚ ਊਰਜਾ ਭਰ ਦਿੱਤੀ ਹੈ। ਹੁਣ ਤੱਕ ਤਿੰਨੋਂ ਪਾਰਟੀਆਂ ਦੇ ਨੇਤਾ ਕਹਿ ਰਹੇ ਹਨ ਕਿ ਉਹ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਸਾਰੀਆਂ 288 ਸੀਟਾਂ 'ਤੇ ਚੋਣ ਲੜਨ ਦੀ ਤਿਆਰੀ ਕਰ ਰਹੇ ਹਨ।ਹਾਲਾਂਕਿ ਹੁਣ ਕਾਂਗਰਸ, ਊਧਵ ਸੈਨਾ ਅਤੇ ਸ਼ਰਦ ਪਵਾਰ ਦੀ ਐੱਨ. ਸੀ. ਪੀ. ਦੇ ਪ੍ਰਮੁੱਖ ਨੇਤਾਵਾਂ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਕਜੁੱਟ ਹੋ ਕੇ ਚੋਣ ਲੜਨਗੇ। ਉਹ ਸੱਤਾਧਾਰੀ ਸਰਕਾਰ ਨੂੰ ਕਿਸੇ ਵੀ ਕੀਮਤ 'ਤੇ ਹਟਾਉਣਗੇ। ਪਵਾਰ ਨੇ ਸੰਕੇਤ ਦਿੱਤਾ ਕਿ ਅਜੀਤ ਪਵਾਰ ਲਈ ਐੱਨ. ਸੀ. ਪੀ. ਧੜੇ 'ਚ ਵਾਪਸੀ ਲਈ ਦਰਵਾਜ਼ੇ ਬੰਦ ਹੋ ਗਏ ਹਨ। ਪਵਾਰ ਨੇ ਕਿਹਾ, 'ਇਸ ਦਾ ਕੋਈ ਸਵਾਲ ਹੀ ਨਹੀਂ ਹੈ। ਊਧਵ ਠਾਕਰੇ ਨੇ ਵੀ ਕਿਹਾ ਕਿ ਉਨ੍ਹਾਂ ਲੋਕਾਂ ਲਈ ਦਰਵਾਜ਼ੇ ਬੰਦ ਹੋ ਗਏ ਹਨ, ਜਿਨ੍ਹਾਂ ਨੇ ਉਨ੍ਹਾਂ ਵਿਰੁੱਧ ਬਗਾਵਤ ਕੀਤੀ ਸੀ ਅਤੇ ਸ਼ਿਵ ਸੈਨਾ ਦੇ ਏਕਨਾਥ ਸ਼ਿੰਦੇ ਧੜੇ 'ਚ ਸ਼ਾਮਲ ਹੋ ਗਏ ਸਨ। ਠਾਕਰੇ ਅਨੁਸਾਰ, ਕੇਂਦਰ 'ਚ ਐੱਨ. ਡੀ. ਏ. ਸਰਕਾਰ ਕਿੰਨੇ ਦਿਨਾਂ ਤੱਕ ਟਿਕੇਗੀ, ਇਸ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਹੈ। ਯੂ. ਬੀ. ਟੀ. ਨੇਤਾ ਨੇ ਭਾਜਪਾ ਦੇ ਇਸ ਦੋਸ਼ ਦੀ ਨਿੰਦਾ ਕੀਤੀ ਕਿ ਵਿਰੋਧੀ ਪਾਰਟੀਆਂ ਨੇ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ 'ਸੰਵਿਧਾਨ ਬਦਲਣ' ਬਾਰੇ ਲੋਕਾਂ ਵਿਚ ਗਲਤ ਜਾਣਕਾਰੀ ਫੈਲਾਈ ਹੈ।

## ਅਟਾਰੀ-ਵਾਹਘਾ ਬਾਰਡਰ 'ਤੇ ਰੀਟਰੀਟ ਸੈਰੇਮਨੀ ਦਾ ਬਦਲਿਆ ਸਮਾਂ, ਗਰਮੀ ਦੇ ਮੱਦੇਨਜ਼ਰ ਲਿਆ ਗਿਆ ਫੈਸਲਾ

ਭਾਰਤ ਅਤੇ ਪਾਕਿਸਤਾਨ ਵਿਚਾਲੇ ਰੀਟਰੀਟ ਸਮਾਰੋਹ ਨੂੰ ਲੈ ਕੇ ਵੱਡੀ ਖ਼ਬਰ ਸਾਹਮਣੇ ਆਈ ਹੈ। ਅਟਾਰੀ ਵਾਹਘਾ ਸਰਹੱਦ 'ਤੇ ਰਿਟਰੀਟ ਸੈਰੇਮਨੀ ਦਾ ਸਮਾਂ ਬਦਲ ਦਿੱਤਾ ਗਿਆ ਹੈ। ਮਿਲੀ ਜਾਣਕਾਰੀ ਮੁਤਾਬਕ ਇਹ ਫੈਸਲਾ ਵੱਧ ਰਹੀ ਗਰਮੀ ਨੂੰ ਵੇਖਦੇ ਹੋਏ ਲਿਆ ਗਿਆ ਹੈ। ਕਿਉਂਕਿ ਅਟਾਰੀ ਵਾਹਘਾ ਸਰਹੱਦ 'ਤੇ ਰਿਟਰੀਟ ਸੈਰੇਮਨੀ ਨੂੰ ਵੇਖਣ ਵੱਡੀ ਗਿਣਤੀ 'ਚ ਲੋਕ ਪਹੁੰਚਦੇ ਹਨ। ਇਸ ਸਬੰਧੀ ਸੀਮਾ ਸੁਰੱਖਿਆ ਬਲ (BSF) ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ਿਆਦਾ ਗਰਮੀ ਦੇ ਕਾਰਨ ਰਿਟਰੀਟ ਸੈਰੇਮਨੀ ਦਾ ਸਮਾਂ ਸ਼ਾਮ 6:30 ਵਜੇ ਕਰ ਦਿੱਤਾ ਗਿਆ ਹੈ। ਪਹਿਲਾਂ ਇਹ ਸਮਾਂ ਸ਼ਾਮ 6:00 ਵਜੇ ਸੀ, ਜਿਸ ਵਿੱਚ ਤਬਦੀਲੀ ਕਰਦੇ ਹੋਏ ਹੁਣ ਇਹ ਸਮਾਂ ਸਾਢੇ ਛੇ ਵਜੇ ਤੱਕ ਕਰ ਦਿੱਤਾ ਗਿਆ ਹੈ। ਜ਼ਿਆਦਾ ਤੇਜ਼ ਗਰਮੀ ਹੋਣ ਕਰਕੇ ਸੈਲਾਨੀਆਂ ਨੂੰ ਵਾਹਘਾ ਬਾਰਡਰ 'ਤੇ ਪਹੁੰਚਣ 'ਚ ਦਿੱਕਤ ਹੁੰਦੀ ਸੀ ਅਤੇ ਰਿਟਰੀਟ ਸੈਰੇਮਨੀ ਵੇਖਣ ਲਈ ਉੱਥੇ ਬੈਠਣ ਦੇ ਸਮੇਂ ਵੀ ਕਾਫੀ ਗਰਮੀ ਹੁੰਦੀ ਸੀ ਜਿਸ ਕਾਰਨ ਸਮੇਂ 'ਚ ਤਬਦੀਲੀ ਕੀਤੀ ਗਈ ਹੈ।



## ਜਲੰਧਰ ਜ਼ਿਮਨੀ ਚੋਣ ’ਚ ਟਿਕਟ ਦੇ ਦਾਅਵੇਦਾਰਾਂ ਦੀ ਫ਼ੌਜ ’ਚ ਬਗਾਵਤ ਦੀ ਸੰਭਾਵਨਾ, ਕਾਂਗਰਸ ਕਰਨ ਲੱਗੀ ਮੰਥਨ



ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜ਼ਿਮਨੀ ਚੋਣ ਨੂੰ ਲੈ ਕੇ ਕਾਂਗਰਸ ਪਾਰਟੀ ਵੱਲੋਂ ਟਿਕਟ ਦੇ ਦਾਅਵੇਦਾਰਾਂ ਦੀ ਫ਼ੌਜ ਵਿਚ ਬਗਾਵਤ ਦੀ ਸੰਭਾਵਨਾ ਤੋਂ ਖੌਫਜ਼ਦਾ ਸੀਨੀਅਰ ਆਗੂ ਲਗਾਤਾਰ ਮੰਥਨ ਵਿਚ ਜੁਟੇ ਹੋਏ ਹਨ ਅਤੇ ਦਾਅਵੇਦਾਰਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਪੱਖ ਸੁਣ ਰਹੇ ਹਨ ਤਾਂ ਕਿ ਉਨ੍ਹਾਂ ਵਿਚ ਭਰੋਸਾ ਕਾਇਮ ਕੀਤਾ ਜਾ ਸਕੇ ਕਿ ਪਾਰਟੀ ਨੇ ਸਾਰਿਆਂ ਦੀ ਗੱਲ ਸੁਣ ਕੇ ਹੀ ਅੰਤਿਮ ਪੈਨਲ ਹਾਈਕਮਾਨ ਨੂੰ ਭੇਜਣਾ ਹੈ, ਜਿਨ੍ਹਾਂ ਵਿਚੋਂ ਇਕ ਖ਼ੁਸ਼ਕਿਸਮਤ ਹੀ ਉਮੀਦਵਾਰ ਬਣੇਗਾ। ਇਸੇ ਲੜੀ ਤਹਿਤ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਅਤੇ ਜ਼ਿਲ੍ਹਾ ਕਾਂਗਰਸ ਸ਼ਹਿਰੀ ਦੇ ਪ੍ਰਧਾਨ ਰਜਿੰਦਰ ਬੇਰੀ ਨੇ ਹੱਥ ਖੜ੍ਹੇ ਕਰਦੇ ਹੋਏ ਟਿਕਟ ਦੀ ਗੇਂਦ ਪੰਜਾਬ ਪ੍ਰਦੇਸ਼ ਕਾਂਗਰਸ ਦੇ ਇੰਚਾਰਜ ਅਤੇ ਸੂਬਾ ਪ੍ਰਧਾਨ ਅਤੇ ਸੰਸਦ ਮੈਂਬਰ ਰਾਜਾ ਵੜਿੰਗ ਦੇ ਪਾਲੇ ਵਿਚ ਪਾ ਦਿੱਤੀ ਹੈ। ਬੀਤੇ ਦਿਨ ਦੇਵੇਂਦਰ ਯਾਦਵ ਅਤੇ ਰਾਜਾ ਵੜਿੰਗ ਜੀ. ਟੀ. ਰੋਡ ’ਤੇ ਸਥਿਤ ਇਕ ਹੋਟਲ ਵਿਚ ਪਹੁੰਚੇ, ਜਿੱਥੇ ਉਨ੍ਹਾਂ ਸਾਰੇ ਦਾਅਵੇਦਾਰਾਂ ਨਾਲ ਵਨ-ਟੂ-ਵਨ ਮੀਟਿੰਗ ਕੀਤੀ। ਸੂਬਾ ਇੰਚਾਰਜ ਅਤੇ ਸੂਬਾ ਪ੍ਰਧਾਨ ਨੇ ਬੰਦ ਕਮਰੇ ਵਿਚ ਇਕ-ਇਕ ਦਾਅਵੇਦਾਰ ਨੂੰ ਬੁਲਾਇਆ ਅਤੇ ਉਨ੍ਹਾਂ ਤੋਂ ਟਿਕਟ ਹਾਸਲ ਕਰਨ ਸਬੰਧੀ ਉਨ੍ਹਾਂ ਦੀ ਦਾਅਵੇਦਾਰੀ ਦੇ ਮਜ਼ਬੂਤ ਦੇ ਆਧਾਰ, ਜਾਤੀ ਵਰਗ, ਕਾਂਗਰਸ ਪ੍ਰਤੀ ਸੇਵਾਵਾਂ ਅਤੇ ਹੋਰਨਾਂ ਗੱਲਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ।ਇਸ ਦੌਰਾਨ ਸੰਸਦ ਮੈਂਬਰ ਚੰਨੀ ਅਤੇ ਜ਼ਿਲ੍ਹਾ ਪ੍ਰਧਾਨ ਬੇਰੀ ਵੀ ਮੌਜੂਦ ਰਹੇ। ਲਗਭਗ 3 ਘੰਟੇ ਦੀ ਲੰਮੀ ਕਵਾਇਦ ਤੋਂ ਬਾਅਦ ਸੀਨੀਅਰ ਆਗੂਆਂ ਨੇ ਦਾਅਵੇਦਾਰਾਂ ਨੂੰ ਸਿਰਫ਼ ਦਿਲਾਸਾ ਦਿੱਤਾ ਕਿ ਉਹ ਹੋਈ ਇੰਟਰਵਿਊ ਤੋਂ ਬਾਅਦ ਮਜ਼ਬੂਤ 3 ਦਾਅਵੇਦਾਰਾਂ ਦੇ ਨਾਵਾਂ ਦਾ ਪੈਨਲ ਆਲ ਇੰਡੀਆ ਕਾਂਗਰਸ ਪ੍ਰਧਾਨ ਨੂੰ ਭੇਜਣਗੇ ਅਤੇ ਉਹੀ ਟਿਕਟ ਦੇ ਉਮੀਦਵਾਰ ਦੇ ਨਾਂ ’ਤੇ ਆਖ਼ਰੀ ਮੋਹਰ ਲਾਉਣਗੇ। ਇਸ ਤੋਂ ਇਲਾਵਾ ਦਾਅਵੇਦਾਰਾਂ ਤੋਂ ਪੁੱਛਿਆ ਜਾਂਦਾ ਰਿਹਾ ਕਿ ਜੇਕਰ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਜਾਂਦੀ ਤਾਂ ਉਨ੍ਹਾਂ ਦੇ ਵਿਚਾਰ ਅਨੁਸਾਰ ਹੋਰ ਕਿਹੜਾ ਮਜ਼ਬੂਤ ਦਾਅਵੇਦਾਰ ਹੈ ਜੋ ਟਿਕਟ ਦਿੱਤੇ ਜਾਣ ’ਤੇ ਚੋਣ ਜਿੱਤ ਸਕਦਾ ਹੈ। ਸੂਬਾ ਇੰਚਾਰਜ ਅਤੇ ਪ੍ਰਧਾਨ ਦਾਅਵੇਦਾਰਾਂ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੂੰ ਏਕਤਾ ਅਤੇ ਜਿਸ ਕਿਸੇ ਇਕ ਨੂੰ ਟਿਕਟ ਮਿਲਦੀ ਹੈ ਤਾਂ ਉਸ ਦਾ ਸਮਰਥਨ ਕਰਨ ਦਾ ਪਾਠ ਪੜ੍ਹਾਉਂਦੇ ਰਹੇ।

## ਗੈਂਗਸਟਰ ਲਖਬੀਰ ਲੰਡਾ 'ਤੇ ਪੁਲਸ ਦੀ ਵੱਡੀ ਕਾਰਵਾਈ



ਫਿਰੋਜ਼ਪੁਰ ਪੁਲਸ ਨੇ ਅੱਤਵਾਰੀ ਅਤੇ ਗੈਂਗਸਟਰ ਲਖਬੀਰ ਸਿੰਘ ਲੰਡਾ 'ਤੇ ਵਾਡੀ ਕਾਰਵਾਈ ਕਰਦਿਆਂ ਉਸ ਨਾਲ ਸਬੰਧਤ 36 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਹੈ। ਇਹ ਕਾਰਵਾਈ ਜ਼ਿਲ੍ਹਾ ਫਿਰੋਜ਼ਪੁਰ ਵਿਚ ਐੱਸ. ਐੱਸ. ਪੀ. ਸੌਮਿਆ ਮਿਸ਼ਰਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕੀਤੀ ਗਈ ਹੈ, ਜਿਸ ਅਨੁਸਾਰ ਗੈਂਗਸਟਰ ਲਖਬੀਰ ਲੰਡਾ ਦੇ ਸਾਥੀਆਂ ਦੇ 36 ਟਿਕਾਣਿਆਂ ’ਤੇ ਪੁਲਸ ਨੇ ਦਬਿਸ਼ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐੱਸ. ਪੀ. ਇਨਵੈਸਟੀਗੇਸ਼ਨ ਫਿਰੋਜ਼ਪੁਰ ਰਣਧੀਰ ਕੁਮਾਰ ਨੇ ਦੱਸਿਆ ਕਿ ਇਸ ਕਾਰਵਾਈ ਦੌਰਾਨ ਡੀ. ਐੱਸ. ਪੀ. ਇਨਵੈਸਟੀਗੇਸ਼ਨ ਬਲਕਾਰ ਸਿੰਘ ਅਤੇ 100 ਦੇ ਕਰੀਬ ਪੁਲਸ ਮੁਲਾਜ਼ਮ ਉਨ੍ਹਾਂ ਦੇ ਨਾਲ ਮੌਜੂਦ ਸਨ। ਦੂਜੇ ਪਾਸੇ ਫਿਰੋਜ਼ਪੁਰ ਪੁਲਸ ਵੱਲੋਂ ਜ਼ਿਲੇ ਭਰ ’ਚ ਕਾਸੋ ਆਪ੍ਰੇਸ਼ਨ ਚਲਾਇਆ ਗਿਆ ਅਤੇ ਸ਼ੱਕੀ ਨਸ਼ਾ ਸਮੱਗਲਰਾਂ ਦੇ ਘਰਾਂ ’ਚ ਛਾਪੇਮਾਰੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਦੀ ਕਾਰਵਾਈ ਦੌਰਾਨ ਪੁਲਸ ਨੇ 100 ਗ੍ਰਾਮ ਚੂਰਾ-ਪੋਸਤ ਬਰਾਮਦ ਕੀਤਾ ਹੈ ਅਤੇ ਪੁਲਸ ਦੀ ਕਾਰਵਾਈ ਅਜੇ ਵੀ ਜਾਰੀ ਹੈ।

## ਮਜੀਠੀਆ ਨੇ ਹਿਮਾਚਲ 'ਚ ਕੁੱਟਮਾਰ ਦਾ ਸ਼ਿਕਾਰ ਵਿਦੇਸ਼ੀ ਪੰਜਾਬੀ ਜੋੜੇ ਨਾਲ ਕੀਤੀ ਮੁਲਾਕਾਤ



ਮੈਂਬਰ ਪਾਰਲੀਮੈਂਟ ਕੰਗਣਾ ਰਣੌਤ ਦੇ ਇਕ ਪੰਜਾਬੀ ਕੁੜੀ ਵੱਲੋਂ ਚੰਡੀਗੜ੍ਹ ਏਅਰਪੋਰਟ ’ਤੇ ਥੱਪੜ ਮਾਰਨ ਦੀ ਘਟਨਾ ਮਗਰੋਂ ਬਿਆਨ ਦਿੱਤਾ ਗਿਆ ਸੀ ਕਿ ਪੰਜਾਬ 'ਚ ਅੱਤਵਾਦ ਫੈਲ ਰਿਹਾ ਹੈ। ਇਸ ਦੇ ਨਤੀਜੇ ਵਜੋਂ ਹਿਮਾਚਲ ਪ੍ਰਦੇਸ਼ ਘੁੰਮਣ ਗਏ ਵਿਦੇਸ਼ੀ ਪੰਜਾਬੀ ਜੋੜੇ ਦੀ ਕੁੱਟਮਾਰ ਕਰਨ ਦੀ ਅਕਾਲੀ ਨੇਤਾ ਬਿਕਰਮ ਜੀਤ ਸਿੰਘ ਮਜੀਠੀਆ ਨੇ ਨਿਖ਼ੇਧੀ ਕੀਤੀ ਹੈ। ਉਨ੍ਹਾਂ ਨੇ ਅੰਮ੍ਰਿਤਸਰ ਦੇ ਹਸਪਤਾਲ ਵਿਖੇ ਦਾਖ਼ਲ ਵਿਦੇਸ਼ੀ ਪੰਜਾਬੀ ਜੋੜੇ ਨਾਲ ਗੱਲਬਾਤ ਕਰਨ ਤੋਂ ਬਾਅਦ ਸੋਸ਼ਲ ਮੀਡੀਆ ’ਤੇ ਤਸਵੀਰਾਂ ਸਾਂਝੀਆਂ ਕਰ ਕੇ ਕਿਹਾ ਹੈ ਕਿ ਹਿਮਾਚਲ 'ਚ ਪੰਜਾਬੀਆਂ ’ਤੇ ਹਮਲੇ ਕਰ ਕੇ ਇਸ ਤਰ੍ਹਾਂ ਕੁੱਟਮਾਰ ਕਰਨਾ ਨਫ਼ਰਤ ਭਰੇ ਭਾਸ਼ਣਾਂ ਕਰਕੇ, ਇਹ ਗਲਤ ਹੈ।ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਨੂੰ ਅਪੀਲ ਕੀਤੀ ਕਿ ਉਹ ਮੈਂਬਰ ਪਾਰਲੀਮੈਂਟ ਕੰਗਣਾ ਰਣੌਤ ਨੂੰ ਲਗਾਮ ਪਾਉਣ ਤਾਂ ਜੋ ਉਨ੍ਹਾਂ ਦੇ ਭਾਸ਼ਣਾਂ ਕਰ ਕੇ ਕੁੜੱਤਣ ਨਾ ਵਧੇ। ਮਜੀਠੀਆ ਨੇ ਇਸ ਕੁੱਟਮਾਰ ਦੇ ਮਾਮਲੇ ਦੀ ਜਾਂਚ ਕਰ ਕੇ ਜ਼ਿੰਮੇਵਾਰ ਵਿਅਕਤੀਆਂ ਦੇ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਕਿਹਾ ਕਿ ਇਹ ਘਟਨਾ ਸਮੁੱਚੇ ਪੰਜਾਬੀਆਂ ਲਈ ਮਾੜਾ ਵਰਤਾਰਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੂੰ ਆਪਣੇ ਐੱਮ. ਪੀ. ਕੰਗਣਾ ਰਣੌਤ ਖ਼ਿਲਾਫ਼ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ।

## 18-19 ਜੂਨ ਨੂੰ ਉੱਤਰ ਪ੍ਰਦੇਸ਼ ਤੇ ਬਿਹਾਰ ਜਾਣਗੇ PM Modi, ਕਰਨਗੇ ਇਨ੍ਹਾਂ ਮੰਦਰਾਂ ਦੇ ਦਰਸ਼ਨ



ਪ੍ਰਧਾਨ ਮੰਤਰੀ ਨਰਿੰਦਰ ਮੋਦੀ 18-19 ਜੂਨ ਨੂੰ ਉੱਤਰ ਪ੍ਰਦੇਸ਼ ਅਤੇ ਬਿਹਾਰ ਦਾ ਦੌਰਾ ਕਰਨਗੇ। ਇਸ ਦੌਰਾਨ ਉਹ ਪ੍ਰਧਾਨ ਮੰਤਰੀ ਕਿਸਾਨ ਦੀ 17ਵੀਂ ਕਿਸ਼ਤ ਤਹਿਤ 20,000 ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਜਾਰੀ ਕਰਨਗੇ। ਸਵੈ-ਸਹਾਇਤਾ ਸਮੂਹਾਂ ਦੀਆਂ 30,000 ਤੋਂ ਵੱਧ ਔਰਤਾਂ ਨੂੰ ਕ੍ਰਿਸ਼ੀ ਸਾਖੀਆਂ ਵਜੋਂ ਸਰਟੀਫਿਕੇਟ ਪ੍ਰਦਾਨ ਕਰਨਗੇ ਅਤੇ ਬਿਹਾਰ ਵਿੱਚ ਨਾਲੰਦਾ ਯੂਨੀਵਰਸਿਟੀ ਕੈਂਪਸ ਦਾ ਉਦਘਾਟਨ ਕਰਨਗੇ। ਪ੍ਰਧਾਨ ਮੰਤਰੀ ਦਫ਼ਤਰ (PMO) ਨੇ ਸੋਮਵਾਰ ਨੂੰ ਇੱਕ ਬਿਆਨ ਵਿੱਚ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ।ਪੀਐਮਓ ਮੁਤਾਬਕ ਪ੍ਰਧਾਨ ਮੰਤਰੀ 18 ਜੂਨ ਨੂੰ ਸ਼ਾਮ 5 ਵਜੇ ਆਪਣੇ ਸੰਸਦੀ ਖੇਤਰ ਵਾਰਾਣਸੀ ਵਿੱਚ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਸੰਮੇਲਨ ਵਿੱਚ ਹਿੱਸਾ ਲੈਣਗੇ। ਸ਼ਾਮ ਕਰੀਬ 7 ਵਜੇ ਪ੍ਰਧਾਨ ਮੰਤਰੀ ਦਸ਼ਾਸ਼ਵਮੇਧ ਘਾਟ 'ਤੇ ਗੰਗਾ ਆਰਤੀ ਦੇਖਣਗੇ ਅਤੇ ਕਰੀਬ 8 ਵਜੇ ਕਾਸ਼ੀ ਵਿਸ਼ਵਨਾਥ ਮੰਦਰ 'ਚ ਪੂਜਾ ਅਤੇ ਦਰਸ਼ਨ ਵੀ ਕਰਨਗੇ। ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਮੋਦੀ ਦੀ ਵਾਰਾਣਸੀ ਦੀ ਇਹ ਪਹਿਲੀ ਫੇਰੀ ਹੈ। ਸਹੁੰ ਚੁੱਕਣ ਤੋਂ ਬਾਅਦ, ਪ੍ਰਧਾਨ ਮੰਤਰੀ ਨੇ ਕਿਸਾਨ ਭਲਾਈ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ, ਪ੍ਰਧਾਨ ਮੰਤਰੀ ਕਿਸਾਨ ਨਿਧੀ ਦੀ 17ਵੀਂ ਕਿਸ਼ਤ ਜਾਰੀ ਕਰਨ ਲਈ ਆਪਣੀ ਪਹਿਲੀ ਫਾਈਲ 'ਤੇ ਦਸਤਖ਼ਤ ਕੀਤੇ।ਪੀਐੱਮਓ ਨੇ ਕਿਹਾ ਕਿ ਇਸ ਵਚਨਬੱਧਤਾ ਨੂੰ ਜਾਰੀ ਰੱਖਦੇ ਹੋਏ ਪ੍ਰਧਾਨ ਮੰਤਰੀ ਸਿੱਧੇ ਲਾਭ ਤਬਾਦਲੇ ਰਾਹੀਂ 'ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ' (ਪੀਐੱਮ-ਕਿਸਾਨ) ਦੇ ਤਹਿਤ ਲਗਭਗ 9.26 ਕਰੋੜ ਲਾਭਪਾਤਰੀ ਕਿਸਾਨਾਂ ਨੂੰ 20,000 ਕਰੋੜ ਰੁਪਏ ਤੋਂ ਵੱਧ ਦੀ 17ਵੀਂ ਕਿਸ਼ਤ ਜਾਰੀ ਕਰਨਗੇ। ਹੁਣ ਤੱਕ, 11 ਕਰੋੜ ਤੋਂ ਵੱਧ ਯੋਗ ਕਿਸਾਨ ਪਰਿਵਾਰਾਂ ਨੂੰ ਪ੍ਰਧਾਨ ਮੰਤਰੀ-ਕਿਸਾਨ ਤਹਿਤ 3.04 ਲੱਖ ਕਰੋੜ ਰੁਪਏ ਤੋਂ ਵੱਧ ਦਾ ਲਾਭ ਮਿਲਿਆ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਸਵੈ ਸਹਾਇਤਾ ਸਮੂਹਾਂ (ਐੱਸ.ਐੱਚ.ਜੀ.) ਦੀਆਂ 30,000 ਤੋਂ ਵੱਧ ਔਰਤਾਂ ਨੂੰ ਕ੍ਰਿਸ਼ੀ ਸਾਖੀਆਂ ਵਜੋਂ ਸਰਟੀਫਿਕੇਟ ਵੀ ਪ੍ਰਦਾਨ ਕਰਨਗੇ।ਪੀਐਮਓ ਨੇ ਕਿਹਾ ਕਿ 'ਕ੍ਰਿਸ਼ੀ ਸਾਖੀ ਕਨਵਰਜੈਂਸ ਪ੍ਰੋਗਰਾਮ' (ਕੇਐੱਸਸੀਪੀ) ਦਾ ਉਦੇਸ਼ ਕ੍ਰਿਸ਼ੀ ਸਾਖੀਆਂ ਨੂੰ ਸਿਖਲਾਈ ਅਤੇ ਪ੍ਰਮਾਣੀਕਰਣ ਪ੍ਰਦਾਨ ਕਰਕੇ ਪੇਂਡੂ ਔਰਤਾਂ ਨੂੰ ਕ੍ਰਿਸ਼ੀ ਸਾਖੀਆਂ ਵਜੋਂ ਸਸ਼ਕਤ ਕਰਕੇ ਪੇਂਡੂ ਭਾਰਤ ਨੂੰ ਬਦਲਣਾ ਹੈ। ਇਹ ਸਰਟੀਫਿਕੇਸ਼ਨ ਕੋਰਸ 'ਲਖਪਤੀ ਦੀਦੀ' ਪ੍ਰੋਗਰਾਮ ਦੇ ਉਦੇਸ਼ਾਂ ਨਾਲ ਜੁੜਿਆ ਹੋਇਆ ਹੈ। ਅਗਲੇ ਦਿਨ ਬੁੱਧਵਾਰ ਨੂੰ ਪ੍ਰਧਾਨ ਮੰਤਰੀ ਕਰੀਬ 9.45 ਵਜੇ ਨਾਲੰਦਾ ਦਾ ਦੌਰਾ ਕਰਨਗੇ। ਉਹ ਸਵੇਰੇ ਕਰੀਬ 10.30 ਵਜੇ ਬਿਹਾਰ ਦੇ ਰਾਜਗੀਰ ਵਿੱਚ ਨਾਲੰਦਾ ਯੂਨੀਵਰਸਿਟੀ ਦੇ ਕੈਂਪਸ ਦਾ ਉਦਘਾਟਨ ਕਰਨਗੇ ਅਤੇ ਇੱਕ ਇਕੱਠ ਨੂੰ ਸੰਬੋਧਨ ਵੀ ਕਰਨਗੇ। ਯੂਨੀਵਰਸਿਟੀ ਦੀ ਕਲਪਨਾ ਭਾਰਤ ਅਤੇ ਪੂਰਬੀ ਏਸ਼ੀਆ ਸੰਮੇਲਨ (ਈਏਐਸ) ਦੇਸ਼ਾਂ ਵਿਚਕਾਰ ਸਾਂਝੇ ਸਹਿਯੋਗ ਵਜੋਂ ਕੀਤੀ ਗਈ ਹੈ। ਦੂਜੇ ਪਾਸੇ ਉਦਘਾਟਨ ਸਮਾਰੋਹ ਵਿੱਚ 17 ਦੇਸ਼ਾਂ ਦੇ ਮਿਸ਼ਨਾਂ ਦੇ ਮੁਖੀਆਂ ਸਮੇਤ ਕਈ ਪਤਵੰਤੇ ਸ਼ਾਮਲ ਹੋਣਗੇ। ਕੈਂਪਸ ਵਿੱਚ ਦੋ ਅਕਾਦਮਿਕ ਬਲਾਕ ਹਨ, ਜਿਨ੍ਹਾਂ ਵਿੱਚ 40 ਕਲਾਸਰੂਮ ਹਨ, ਜਿਨ੍ਹਾਂ ਦੀ ਕੁੱਲ ਬੈਠਣ ਦੀ ਸਮਰੱਥਾ ਲਗਭਗ 1900 ਹੈ। ਇਸ ਵਿੱਚ 300 ਸੀਟਾਂ ਦੀ ਸਮਰੱਥਾ ਵਾਲੇ ਦੋ ਆਡੀਟੋਰੀਅਮ ਹਨ। ਇਸ ਵਿੱਚ ਲਗਭਗ 550 ਵਿਦਿਆਰਥੀਆਂ ਦੀ ਸਮਰੱਥਾ ਵਾਲਾ ਇੱਕ ਵਿਦਿਆਰਥੀ ਹੋਸਟਲ ਹੈ। ਇਸ ਵਿੱਚ ਅੰਤਰਰਾਸ਼ਟਰੀ ਕੇਂਦਰ, ਐਂਫੀਥਿਏਟਰ ਸਮੇਤ ਹੋਰ ਬਹੁਤ ਸਾਰੀਆਂ ਸਹੂਲਤਾਂ ਹਨ। ਪੀਐੱਮਓ ਨੇ ਕਿਹਾ ਕਿ ਕੈਂਪਸ ਇੱਕ 'ਨੈੱਟ ਜ਼ੀਰੋ' ਗ੍ਰੀਨ ਕੈਂਪਸ ਹੈ। ਇਹ ਸੋਲਰ ਪਲਾਂਟ, ਘਰੇਲੂ ਅਤੇ ਪੀਣ ਵਾਲੇ ਪਾਣੀ ਦੇ ਟ੍ਰੀਟਮੈਂਟ ਪਲਾਂਟ, ਗੰਦੇ ਪਾਣੀ ਦੀ ਮੁੜ ਵਰਤੋਂ ਕਰਨ ਲਈ ਵਾਟਰ ਰੀਸਾਈਕਲਿੰਗ ਪਲਾਂਟ, 100 ਏਕੜ ਵਾਟਰ ਬਾਡੀਜ਼ ਅਤੇ ਹੋਰ ਬਹੁਤ ਸਾਰੀਆਂ ਵਾਤਾਵਰਣ ਪੱਖੀ ਸਹੂਲਤਾਂ ਨਾਲ ਲੈਸ ਹੈ।

ਯੂਨੀਵਰਸਿਟੀ ਦਾ ਇਤਿਹਾਸ ਨਾਲ ਡੂੰਘਾ ਸਬੰਧ ਹੈ। ਅਸਲ ਨਾਲੰਦਾ ਯੂਨੀਵਰਸਿਟੀ, ਲਗਭਗ 1600 ਸਾਲ ਪਹਿਲਾਂ ਸਥਾਪਿਤ ਕੀਤੀ ਗਈ ਸੀ, ਨੂੰ ਵਿਸ਼ਵ ਦੀਆਂ ਪਹਿਲੀਆਂ ਰਿਹਾਇਸ਼ੀ ਯੂਨੀਵਰਸਿਟੀਆਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। 2016 ਵਿੱਚ, ਨਾਲੰਦਾ ਦੇ ਖੰਡਰਾਂ ਨੂੰ ਸੰਯੁਕਤ ਰਾਸ਼ਟਰ ਦੀ ਵਿਰਾਸਤੀ ਸਥਾਨ ਵਜੋਂ ਘੋਸ਼ਿਤ ਕੀਤਾ ਗਿਆ ਸੀ।

## ਜਨਕਪੁਰੀ ’ਚ ਨਾਜਾਇਜ਼ ਕਬਜ਼ੇ ਹਟਾਉਣ ਗਈ ਨਗਰ ਨਿਗਮ ਦੀ ਟੀਮ ਦਾ ਹੋਇਆ ਘੇਰਾਓ



ਜਨਕਪੁਰੀ ਏਰੀਆ ’ਚ ਲਗਾਤਾਰ 2 ਦਿਨ ਤੋਂ ਨਾਜਾਇਜ਼ ਕਬਜ਼ੇ ਹਟਾ ਰਹੀ ਨਗਰ ਨਿਗਮ ਦੀ ਟੀਮ ਨੂੰ ਐਤਵਾਰ ਤੀਜੇ ਦਿਨ ਦੀ ਕਾਰਵਾਈ ਦੌਰਾਨ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ, ਇਸ ਦੌਰਾਨ ਸੜਕ ਦੀ ਜਗ੍ਹਾ ’ਚ ਰੇਹੜੀ ਲਗਾ ਕੇ ਕਬਜ਼ਾ ਕਰਨ ਵਾਲੇ ਲੋਕਾਂ ਵੱਲੋਂ ਤਹਿਬਾਜ਼ਾਰੀ ਟੀਮ ਦਾ ਘੇਰਾਓ ਵੀ ਕੀਤਾ ਗਿਆ।ਇਸ ਸਬੰਧ ’ਚ ਜਾਣਕਾਰੀ ਦਿੰਦੇ ਹੋਏ ਜ਼ੋਨ-ਬੀ ਦੇ ਮੁਲਾਜ਼ਮਾਂ ਨੇ ਦੱਸਿਆ ਕਿ ਜਨਕਪੁਰੀ ਮੇਨ ਰੋਡ ’ਤੇ ਟ੍ਰੈਫਿਕ ਜਾਮ ਦੀ ਵਜ੍ਹਾ ਨਾਲ ਬਣ ਰਹੇ ਰੇਹੜੀ ਵਾਲਿਆਂ ਨੂੰ ਸ਼ੁੱਕਰਵਾਰ ਨੂੰ ਖੁਦ ਕਬਜ਼ੇ ਹਟਾਉਣ ਦੀ ਚਿਤਾਵਨੀ ਦਿੱਤੀ ਗਈ ਸੀ, ਜਿਸ ਤੋਂ ਬਾਅਦ ਸ਼ਨੀਵਾਰ ਨੂੰ ਫਿਰ ਤੋਂ ਇਲਾਕੇ ’ਚ ਪੁੱਜ ਕੇ ਸੜਕ ਵਿਚਕਾਰ ਕਬਜ਼ਾ ਕਰ ਕੇ ਬੈਠੇ ਰੇਹੜੀ ਵਾਲਿਆਂ ਦਾ ਸਾਮਾਨ ਜ਼ਬਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਦੋਬਾਰਾ ਕਬਜ਼ੇ ਕਰਨ ’ਤੇ ਪੁਲਸ ਕੇਸ ਦਰਜ ਕਰਵਾਉਣ ਦੀ ਚਿਤਾਵਨੀ ਦਿੱਤੀ ਗਈ ਸੀ ਪਰ ਰੇਹੜੀ ਵਾਲਿਆਂ ਨੇ ਦੋਬਾਰਾ ਤੋਂ ਕਬਜ਼ਾ ਜਮਾ ਲਿਆ ਅਤੇ ਉਸ ਦੀ ਵਜ੍ਹਾ ਨਾਲ ਵਾਹਨਾਂ ਦੀ ਆਵਾਜਾਈ ’ਚ ਸਮੱਸਿਆ ਆ ਰਹੀ ਹੈ। ਇਸ ਨੂੰ ਲੈ ਕੇ ਸ਼ਿਕਾਇਤ ਮਿਲਣ ’ਤੇ ਟੀਮ ਇਲਾਕੇ ’ਚ ਪੁੱਜੀ ਤਾਂ ਵੱਡੀ ਗਿਣਤੀ ’ਚ ਰੇਹੜੀ ਵਾਲਿਆਂ ਨੇ ਇਕੱਠੇ ਹੋ ਕੇ ਵਿਰੋਧ ਸ਼ੁਰੂ ਕਰ ਦਿੱਤਾ ਅਤੇ ਨਗਰ ਨਿਗਮ ਦੀਆਂ ਗੱਡੀਆਂ ਦੇ ਅੱਗੇ ਲੇਟ ਗਏ। ਇਨ੍ਹਾਂ ਲੋਕਾਂ ਵੱਲੋਂ ਨਗਰ ਨਿਗਮ ਦੀਆਂ ਗੱਡੀਆਂ ਦਾ ਘੇਰਾਓ ਕੀਤਾ ਗਿਆ, ਜਿਸ ਹਾਲਾਤ ਨਾਲ ਨਜਿੱਠਣ ਲਈ ਪੁਲਸ ਦੀ ਮਦਦ ਲੈਣੀ ਪਈ। ਇਸ ਮਾਮਲੇ ’ਚ ਨਗਰ ਨਿਗਮ ਮੁਲਾਜ਼ਮਾਂ ਵੱਲੋਂ ਸਰਕਾਰੀ ਡਿਊਟੀ ’ਚ ਰੁਕਾਵਟ ਪੈਦਾ ਕਰਨ ਦੇ ਦੋਸ਼ ’ਚ ਕਾਰਵਾਈ ਕਰਨ ਲਈ ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ।ਇਸ ਮਾਮਲੇ ’ਚ ਸ਼ੁਰੂਆਤੀ ਦੌਰ ਤੋਂ ਹੀ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਰੇਹੜੀ ਵਾਲਿਆਂ ਨੂੰ ਬਿਜਲੀ ਦੇ ਕੁਨੈਕਸ਼ਨ ਦੇਣ ਦੇ ਨਾਂ ’ਤੇ ਨਾਜਾਇਜ਼ ਰੂਪ ’ਚ ਵਸੂਲੀ ਕੀਤੀ ਜਾ ਰਹੀ ਹੈ, ਜਿਸ ਦੇ ਮੱਦੇਨਜ਼ਰ ਨਗਰ ਨਿਗਮ ਦੀ ਟੀਮ ਵੱਲੋਂ ਬਿਜਲੀ ਚੋਰੀ ਲਈ ਲਗਾਏ ਗਏ ਕੁਨੈਕਸ਼ਨ ਵੀ ਕੱਟ ਦਿੱਤੇ ਗਏ, ਜਿਸ ਤੋਂ ਬਾਅਦ ਹੀ ਵਿਵਾਦ ਜ਼ਿਆਦਾ ਵਧਣ ਦੀ ਗੱਲ ਕਹੀ ਜਾ ਰਹੀ ਹੈ।

# ਆਇਰਲੈਂਡ ਨੇ ਪਾਕਿਸਤਾਨ ਦੇ ਛੁਡਾਏ 'ਪਸੀਨੇ', 3 ਵਿਕਟਾਂ ਨਾਲ ਪਾਕਿ ਦੀ ਸੰਘਰਸ਼ਪੂਰਨ ਜਿੱਤ



ਪਾਕਿਸਤਾਨ ਤੇ ਆਇਰਲੈਂਡ ਵਿਚਾਲੇ ਖੇਡੇ ਗਏ ਟੀ-20 ਵਿਸ਼ਵ ਕੱਪ ਮੁਕਾਬਲੇ 'ਚ ਪਾਕਿਸਤਾਨ ਨੇ ਰੋਮਾਂਚਕ ਅੰਦਾਜ਼ 'ਚ ਆਇਰਲੈਂਡ ਨੂੰ 3 ਵਿਕਟਾਂ ਨਾਲ ਹਰਾ ਕੇ ਜਿੱਤ ਨਾਲ ਟੂਰਨਾਮੈਂਟ ਤੋਂ ਵਿਦਾਈ ਲਈ ਹੈ। ਹਾਲਾਂਕਿ ਇਹ ਜਿੱਤ ਪਾਕਿਸਤਾਨ ਲਈ ਆਸਾਨ ਨਹੀਂ ਰਹੀ ਤੇ ਆਇਰਲੈਂਡ ਦੀ ਟੀਮ ਨੇ ਪਾਕਿਸਤਾਨ ਨੂੰ ਸਖ਼ਤ ਟੱਕਰ ਦਿੱਤੀ।ਇਸ ਤੋਂ ਪਹਿਲਾਂ ਪਾਕਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫ਼ੈਸਲਾ ਕੀਤਾ ਸੀ। ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਆਇਰਲੈਂਡ ਦੀ ਟੀਮ ਪਾਕਿਸਤਾਨ ਦੀ ਖ਼ਤਰਨਾਕ ਗੇਂਦਬਾਜ਼ੀ ਦਾ ਸਾਹਮਣਾ ਕਰਦੇ ਹੋਏ 20 ਓਵਰਾਂ 'ਚ 9 ਵਿਕਟਾਂ ਗੁਆ ਕੇ 106 ਦੌੜਾਂ ਹੀ ਬਣਾ ਸਕੀ ਸੀ। ਇਸ ਟੀਚੇ ਦਾ ਪਿੱਛਾ ਕਰਨ ਉਤਰੀ ਪਾਕਿਸਤਾਨ ਦੀ ਟੀਮ ਨੂੰ ਮੁਹੰਮਦ ਰਿਜ਼ਵਾਨ ਤੇ ਸਾਇਮ ਆਯੂਬ ਨੇ ਤੇਜ਼ ਸ਼ੁਰੂਆਤ ਦਿਵਾਈ ਤੇ ਦੋਵਾਂ ਨੇ 17-17 ਦੌੜਾਂ ਬਣਾਈਆਂ। ਇਨ੍ਹਾਂ ਤੋਂ ਬਾਅਦ ਕਪਤਾਨ ਬਾਬਰ ਆਜ਼ਮ ਨੇ 34 ਗੇਂਦਾਂ 'ਚ 32 ਦੌੜਾਂ ਦੀ ਕਪਤਾਨੀ ਪਾਰੀ ਖੇਡੀ ਤੇ ਦੂਜੇ ਪਾਸੇ ਤੋਂ ਲਗਾਤਾਰ ਡਿੱਗ ਰਹੀਆਂ ਵਿਕਟਾਂ ਕਾਰਨ ਮੁਸ਼ਕਲ 'ਚ ਫਸੀ ਟੀਮ ਨੂੰ ਮੁਸ਼ਕਲ ਸਥਿਤੀ 'ਚੋਂ ਬਾਹਰ ਕੱਢਿਆ। ਆਇਰਲੈਂਡ ਵੱਲੋਂ ਬੈਰੀ ਮਕਾਰਥੀ (4 ਓਵਰ,15 ਦੌੜਾਂ ਤੇ 3 ਵਿਕਟਾਂ) ਤੇ ਕਰਟਿਸ ਕੈਂਫਰ (4 ਓਵਰ, 24 ਦੌੜਾਂ, 2 ਵਿਕਟਾਂ) ਨੇ ਸ਼ਾਨਦਾਰ ਗੇਂਦਬਾਜ਼ੀ ਕੀਤੀ ਤੇ ਪਾਕਿਸਤਾਨ ਨੂੰ ਆਸਾਨੀ ਨਾਲ ਮੁਕਾਬਲਾ ਜਿੱਤਣ ਨਾ ਦਿੱਤਾ।ਅੱਬਾਸ ਅਫਰੀਦੀ ਨੇ ਵੀ 21 ਗੇਂਦਾਂ 'ਚ 17 ਦੌੜਾਂ ਦੀ ਪਾਰੀ ਖੇਡੀ। ਅੰਤ 'ਚ ਆ ਕੇ ਸ਼ਾਹੀਨ ਸ਼ਾਹ ਅਫਰੀਦੀ ਨੇ 5 ਗੇਂਦਾਂ 'ਚ 2 ਛੱਕਿਆਂ ਦੀ ਬਦੌਲਤ 13 ਦੌੜਾਂ ਦੀ ਪਾਰੀ ਖੇਡੀ ਤੇ ਛੱਕਾ ਮਾਰ ਕੇ ਟੀਮ ਨੂੰ ਜਿੱਤ ਦਿਵਾਈ। ਇਸ ਤਰ੍ਹਾਂ ਪਾਕਿਸਤਾਨ ਨੇ 18.5 ਓਵਰਾਂ 'ਚ ਇਹ ਮੁਕਾਬਲਾ 3 ਵਿਕਟਾਂ ਨਾਲ ਆਪਣੇ ਨਾਂ ਕਰ ਲਿਆ। ਜ਼ਿਕਰਯੋਗ ਹੈ ਕਿ ਪਾਕਿਸਤਾਨ ਪਹਿਲਾਂ ਹੀ ਸੁਪਰ-8 'ਚ ਪਹੁੰਚਣ ਦੀ ਰੇਸ 'ਚੋਂ ਬਾਹਰ ਹੋ ਚੁੱਕੀ ਹੈ। ਇਸ ਜਿੱਤ ਦਾ ਪਾਕਿਸਤਾਨ ਨੂੰ ਕੋਈ ਫ਼ਾਇਦਾ ਨਹੀਂ ਹੋਇਆ ਹੈ। ਗਰੁੱਪ ਸਟੇਜ 'ਚ ਯੂ.ਐੱਸ.ਏ. ਹੱਥੋਂ ਹਾਰ ਜਾਣ ਤੋਂ ਬਾਅਦ ਪਾਕਿਸਤਾਨ ਦੀਆਂ ਸੁਪਰ-8 'ਚ ਪਹੁੰਚਣ ਦੀਆਂ ਉਮੀਦਾਂ ਨੂੰ ਤਕੜਾ ਝਟਕਾ ਲੱਗਿਆ ਸੀ। ਇਸ ਤੋਂ ਬਾਅਦ ਯੂ.ਐੱਸ.ਏ. ਦੇ ਸ਼ਾਨਦਾਰ ਪ੍ਰਦਰਸ਼ਨ ਦੇ ਕਾਰਨ ਪਾਕਿਸਤਾਨ ਨੂੰ ਟੂਰਨਾਮੈਂਟ ਤੋਂ ਬਾਹਰ ਹੋਣਾ ਪੈ ਗਿਆ ਹੈ।

# ਆਇਰਲੈਂਡ ਨੂੰ ਪਾਕਿਸਤਾਨ ਨੂੰ ਦਿੱਤਾ 107 ਦੌੜਾਂ ਦਾ ਟੀਚਾ



ਟੀ20 ਵਿਸ਼ਵ ਕੱਪ 2024 ਦਾ 26ਵਾਂ ਮੈਚ ਪਾਕਿਸਤਾਨ ਤੇ ਆਇਰਲੈਂਡ ਦਰਮਿਆਨ ਫਲੋਰਿਡਾ ਵਿਖੇ ਖੇਡਿਆ ਜਾ ਰਿਹਾ ਹੈ। ਪਾਕਿਸਤਾਨ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ। ਪਹਿਲਾਂ ਬੱਲੇਬਾਜ਼ੀ ਕਰਨ ਉਤਰੀ ਆਇਰਲੈਂਡ ਨੇ ਨਿਰਧਾਰਤ 20 ਓਵਰਾਂ 'ਚ 9 ਵਿਕਟਾਂ ਗੁਆ ਕੇ 106 ਦੌੜਾਂ ਬਣਾਈਆਂ ਤੇ ਪਾਕਿਸਤਾਨ ਨੂੰ ਜਿੱਤ ਲਈ 107 ਦੌੜਾਂ ਦਾ ਟੀਚਾ ਦਿੱਤਾ। ਆਇਰਲੈਂਡ ਨੂੰ ਪਹਿਲਾ ਝਟਕਾ ਉਦੋਂ ਲੱਗਾ ਜਦੋਂ ਐਂਡ੍ਰਿਊ ਬਲਬੀਰਨੀ ਬਿਨਾ ਖਾਤਾ ਖੋਲੇ 0 ਦੇ ਸਕੋਰ 'ਤੇ ਸ਼ਾਹੀਨ ਅਫਰੀਦੀ ਵਲੋਂ ਆਊਟ ਹੋ ਗਿਆ। ਆਇਰਲੈਂਡ ਨੂੰ ਦੂਜਾ ਝਟਕਾ ਲੋਰਕਨ ਟੱਕਰ ਦੇ ਆਊਟ ਹੋਣ ਨਾਲ ਲੱਗਾ। ਲੋਰਕਰ 2 ਦੌੜਾਂ ਬਣਾ ਸ਼ਾਹੀਨ ਅਫਰੀਦੀ ਦਾ ਸ਼ਿਕਾਰ ਬਣਿਆ। ਆਇਰਲੈਂਡ ਨੂੰ ਤੀਜਾ ਝਟਕਾ ਕਪਤਾਨ ਪਾਲ ਸਟਰਲਿੰਗ ਦੇ ਆਊਟ ਹੋਣ ਨਾਲ ਲੱਗਾ। ਸਟਰਲਿੰਗ 1 ਦੌੜ ਬਣਾ ਆਮਿਰ ਵਲੋਂ ਆਊਟ ਹੋਇਆ।
ਆਇਰਲੈਂਡ ਦੀ ਚੌਥੀ ਵਿਕਟ ਹੈਰੀ ਟੈਕਟਰ ਦੇ ਆਊਟ ਹੋਣ ਨਾਲ ਡਿੱਗੀ। ਹੈਰੀ ਟੈਕਟਰ ਬਿਨਾ ਖਾਤਾ ਖੋਲੇ ਸ਼ਾਹੀਨ ਅਫਰੀਦੀ ਵਲੋਂ ਆਊਟ ਹੋਇਆ। ਆਇਰਲੈਂਡ ਨੂੰ ਪੰਜਵਾਂ ਝਟਕਾ ਉਦੋਂ ਲੱਗਾ ਜਦੋਂ ਜਾਰਜ ਡੋਕਰੇਲ 11 ਦੌੜਾਂ ਬਣਾ ਆਮਿਰ ਵਲੋਂ ਆਊਟ ਹੋਇਆ। ਆਇਰਲੈਂਡ ਦੀ ਛੇਵੀਂ ਵਿਕਟ ਕਰਟਿਸ ਕੈਂਪਰ ਦੇ ਆਊਟ ਹੋਣ ਨਾਲ ਡਿੱਗੀ। ਕਰਟਿਸ 7 ਦੌੜਾਂ ਬਣਾ ਹਾਰਿਸ ਰਊਫ ਵਲੋਂ ਆਊਟ ਹੋਇਆ। ਆਇਰਲੈਂਡ ਦੀ ਸਤਵੀਂ ਵਿਕਟ ਗੈਰੇਥ ਡੇਲਾਨੀ ਦੇ ਆਊਟ ਹੋਣ ਨਾਲ ਡਿੱਗੀ। ਗੈਰੇਥ 31 ਦੌੜਾਂ ਬਣਾ ਇਮਾਦ ਵਸੀਮ ਵਲੋਂ ਆਊਟ ਹੋਇਆ। ਆਇਰਲੈਂਡ ਦੀ 8ਵੀਂ ਵਿਕਟ ਮਾਰਕ ਅਡਾਇਰ ਦੇ ਆਊਟ ਹੋਣ ਨਾਲ ਡਿੱਗੀ। ਅਡਾਇਰ 15 ਦੌੜਾਂ ਬਣਾ ਇਮਾਦ ਵਸੀਮ ਦਾ ਸ਼ਿਕਾਰ ਬਣਿਆ। ਆਇਰਲੈਂਡ ਨੂੰ 9ਵਾਂ ਝਟਕਾ ਉਦੋਂ ਲੱਗਾ ਜਦੋਂ ਬੈਰੀ ਮੈਕਕਾਰਥੀ 2 ਦੌੜਾਂ ਬਣਾ ਇਮਾਦ ਵਸੀਮ ਦਾ ਸ਼ਿਕਾਰ ਬਣਿਆ। ਪਾਕਿਸਤਾਨ ਲਈ ਸ਼ਾਹੀਨ ਅਫਰੀਦੀ ਨੇ 3, ਮੁਹੰਮਦ ਆਮਿਰ ਨੇ 2, ਹਾਰਿਸ ਰਊਫ ਨੇ 1, ਇਮਾਦ ਵਸੀਮ ਨੇ 3 ਵਿਕਟਾਂ ਲਈਆਂ।ਦੋਵੇਂ ਟੀਮਾਂ ਦੀ ਪਲੇਇੰਗ 11 :
ਆਇਰਲੈਂਡ : ਪਾਲ ਸਟਰਲਿੰਗ (ਕਪਤਾਨ), ਐਂਡਰਿਊ ਬਲਬੀਰਨੀ, ਲੋਰਕਨ ਟਕਰ (ਵਿਕਟਕੀਪਰ), ਹੈਰੀ ਟੇਕਟਰ, ਕਰਟਿਸ ਕੈਂਪਰ, ਜਾਰਜ ਡੌਕਰੇਲ, ਗੈਰੇਥ ਡੇਲਾਨੀ, ਮਾਰਕ ਅਡਾਇਰ, ਬੈਰੀ ਮੈਕਕਾਰਥੀ, ਜੋਸ਼ੂਆ ਲਿਟਲ, ਬੈਂਜਾਮਿਨ ਵ੍ਹਾਈਟ
ਪਾਕਿਸਤਾਨ : ਮੁਹੰਮਦ ਰਿਜ਼ਵਾਨ (ਵਿਕਟਕੀਪਰ), ਸਾਈਮ ਅਯੂਬ, ਬਾਬਰ ਆਜ਼ਮ (ਕਪਤਾਨ), ਫਖਰ ਜ਼ਮਾਨ, ਉਸਮਾਨ ਖਾਨ, ਸ਼ਾਦਾਬ ਖਾਨ, ਇਮਾਦ ਵਸੀਮ, ਸ਼ਾਹੀਨ ਅਫਰੀਦੀ, ਅੱਬਾਸ ਅਫਰੀਦੀ, ਹੈਰਿਸ ਰੌਫ, ਮੁਹੰਮਦ ਆਮਿਰ



# ਇੰਗਲੈਂਡ ਤੋਂ ਹਾਰ ਮਗਰੋਂ ਨਾਮੀਬੀਆ ਦੇ ਆਲਰਾਊਂਡਰ ਡੇਵਿਡ ਨੇ ਅੰਤਰਰਾਸ਼ਟਰੀ ਕ੍ਰਿਕਟ ਤੋਂ ਲਿਆ ਸੰਨਿਆਸ


ਨਾਮੀਬੀਆ ਦੇ ਆਲਰਾਊਂਡਰ ਡੇਵਿਡ ਵਿਸੇ ਨੇ ਟੀ-20 ਵਿਸ਼ਵ ਕੱਪ 2024 'ਚ ਇੰਗਲੈਂਡ ਖਿਲਾਫ ਆਪਣੀ ਟੀਮ ਦੀ 41 ਦੌੜਾਂ ਦੀ ਹਾਰ ਤੋਂ ਬਾਅਦ ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਆਪਣੇ ਆਖਰੀ ਅੰਤਰਰਾਸ਼ਟਰੀ ਮੈਚ ਵਿੱਚ ਡੇਵਿਡ ਨੇ ਇੱਕ ਵਿਕਟ ਲਈ ਅਤੇ ਆਪਣੇ ਦੋ ਓਵਰਾਂ ਦੇ ਸਪੈੱਲ ਵਿੱਚ 3.00 ਦੀ ਆਰਥਿਕ ਦਰ ਨਾਲ ਛੇ ਦੌੜਾਂ ਦਿੱਤੀਆਂ। ਦੂਜੀ ਪਾਰੀ ਵਿੱਚ ਉਨ੍ਹਾਂ ਨੇ 225 ਦੇ ਸਟ੍ਰਾਈਕ ਰੇਟ ਨਾਲ 12 ਗੇਂਦਾਂ ਵਿੱਚ 27 ਦੌੜਾਂ ਬਣਾਈਆਂ। ਇੰਗਲੈਂਡ ਖਿਲਾਫ ਬੱਲੇਬਾਜ਼ੀ ਕਰਦੇ ਹੋਏ ਉਨ੍ਹਾਂ ਨੇ 2 ਚੌਕੇ ਅਤੇ 2 ਛੱਕੇ ਵੀ ਲਗਾਏ।
ਮੈਚ ਤੋਂ ਬਾਅਦ ਡੇਵਿਡ ਨੇ ਕਿਹਾ ਕਿ ਉਹ ਅਜੇ ਵੀ ਨਾਮੀਬੀਆ ਲਈ ਖੇਡ ਸਕਦੇ ਹਨ, ਪਰ ਉਨ੍ਹਾਂ ਦੇ ਕਰੀਅਰ ਨੂੰ ਖਤਮ ਕਰਨ ਲਈ 'ਕੋਈ ਬਿਹਤਰ ਜਗ੍ਹਾ' ਨਹੀਂ ਸੀ। 39 ਸਾਲਾ ਖਿਡਾਰੀ ਨੇ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਉਨ੍ਹਾਂ ਲਈ ਸੰਨਿਆਸ ਲੈਣ ਦਾ ਇਹ ਸਹੀ ਸਮਾਂ ਹੈ।
ਉਨ੍ਹਾਂ ਨੇ ਕਿਹਾ, 'ਅਗਲੇ ਸਾਲ ਦਾ ਟੀ-20 ਵਿਸ਼ਵ ਕੱਪ ਅਜੇ ਦੋ ਸਾਲ ਦੂਰ ਹੈ, ਮੈਂ ਹੁਣ 39 ਸਾਲ ਦਾ ਹਾਂ, ਇਸ ਲਈ ਅੰਤਰਰਾਸ਼ਟਰੀ ਕ੍ਰਿਕਟ ਦੇ ਲਿਹਾਜ਼ ਨਾਲ, ਮੈਨੂੰ ਨਹੀਂ ਪਤਾ ਕਿ ਮੇਰੇ ਵਿੱਚ ਬਹੁਤ ਕੁਝ ਬਚਿਆ ਹੈ ਜਾਂ ਨਹੀਂ। ਸਪੱਸ਼ਟ ਤੌਰ 'ਤੇ ਮੈਂ ਅਜੇ ਵੀ ਕੁਝ ਹੋਰ ਸਾਲ ਖੇਡਣਾ ਚਾਹੁੰਦਾ ਹਾਂ, ਮੈਨੂੰ ਲੱਗਦਾ ਹੈ ਕਿ ਮੇਰੇ ਕੋਲ ਅਜੇ ਵੀ ਯੋਗਦਾਨ ਪਾਉਣ ਲਈ ਬਹੁਤ ਕੁਝ ਹੈ ਅਤੇ ਖੇਡਣ ਲਈ ਬਹੁਤ ਕੁਝ ਹੈ। ਪਰ ਮੈਨੂੰ ਲੱਗਦਾ ਹੈ ਕਿ ਨਾਮੀਬੀਆ ਨਾਲੋਂ ਨਿੱਜੀ ਤੌਰ 'ਤੇ ਮੇਰੇ ਲਈ ਵਿਸ਼ੇਸ਼ ਕਰੀਅਰ ਨੂੰ ਖਤਮ ਕਰਨ ਲਈ ਕਿਹੜੀ ਬਿਹਤਰ ਜਗ੍ਹਾ ਹੈ। ਮੈਂ ਉਨ੍ਹਾਂ ਦੇ ਨਾਲ ਬਹੁਤ ਵਧੀਆ ਸਮਾਂ ਬਿਤਾਇਆ ਹੈ ਅਤੇ ਇਹ ਮਹਿਸੂਸ ਹੋਇਆ ਕਿ ਉਸ ਲਈ ਇੰਗਲੈਂਡ ਵਰਗੀ ਵਿਸ਼ਵ ਪੱਧਰੀ ਟੀਮ ਵਿਰੁੱਧ ਵਿਸ਼ਵ ਕੱਪ ਵਿੱਚ ਆਪਣਾ ਆਖਰੀ ਮੈਚ ਖੇਡਣ ਦਾ ਇਹ ਸਹੀ ਸਮਾਂ ਹੈ।
ਮੈਚ ਦੀ ਗੱਲ ਕਰੀਏ ਤਾਂ ਗਲੈਂਡ ਨੇ ਮੀਂਹ ਤੋਂ ਪ੍ਰਭਾਵਿਤ ਮੈਚ ਵਿੱਚ ਨਾਮੀਬੀਆ ਨੂੰ ਡਕਵਰਥ ਲੁਈਸ ਵਿਧੀ ਰਾਹੀਂ 41 ਦੌੜਾਂ ਨਾਲ ਹਰਾ ਕੇ ਟੀ-20 ਵਿਸ਼ਵ ਕੱਪ ਵਿੱਚ ਖਿਤਾਬ ਬਚਾਉਣ ਦੀਆਂ ਆਪਣੀਆਂ ਉਮੀਦਾਂ ਨੂੰ ਜਿਉਂਦਾ ਰੱਖਿਆ। ਇੰਗਲੈਂਡ ਨੂੰ ਸੁਪਰ 8 'ਚ ਜਗ੍ਹਾ ਬਣਾਉਣ ਲਈ ਨਾਮੀਬੀਆ ਖਿਲਾਫ ਜਿੱਤ ਦੀ ਲੋੜ ਸੀ ਪਰ ਲਗਾਤਾਰ ਮੀਂਹ ਕਾਰਨ ਇਕ ਸਮੇਂ ਉਸ ਦੀਆਂ ਉਮੀਦਾਂ 'ਤੇ ਪਾਣੀ ਫਿਰਦਾ ਨਜ਼ਰ ਆ ਰਿਹਾ ਸੀ। ਆਖਰ ਤਿੰਨ ਘੰਟੇ ਦੀ ਦੇਰੀ ਤੋਂ ਬਾਅਦ ਮੈਚ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ ਅਤੇ ਇਸ ਨੂੰ 11 ਓਵਰਾਂ ਦਾ ਕਰ ਦਿੱਤਾ ਗਿਆ। ਵਿਚਕਾਰ ਮੀਂਹ ਕਾਰਨ ਮੈਚ ਨੂੰ 10 ਓਵਰਾਂ ਦਾ ਕਰ ਦਿੱਤਾ ਗਿਆ। ਇੰਗਲੈਂਡ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਨਿਰਧਾਰਤ 10 ਓਵਰਾਂ 'ਚ ਪੰਜ ਵਿਕਟਾਂ 'ਤੇ 122 ਦੌੜਾਂ ਬਣਾਈਆਂ। ਨਾਮੀਬੀਆ ਨੂੰ ਡਕਵਰਥ ਲੁਈਸ ਵਿਧੀ ਦੀ ਵਰਤੋਂ ਕਰਦੇ ਹੋਏ 126 ਦੌੜਾਂ ਬਣਾਉਣ ਦਾ ਟੀਚਾ ਮਿਲਿਆ ਪਰ ਉਸ ਦੀ ਟੀਮ ਤਿੰਨ ਵਿਕਟਾਂ 'ਤੇ 84 ਦੌੜਾਂ ਹੀ ਬਣਾ ਸਕੀ।



# ਸੁਪਰ 8 ਦੇ ਪਹਿਲੇ ਮੈਚ 'ਚ ਭਾਰਤ ਦਾ ਸਾਹਮਣਾ ਅਫਗਾਨਿਸਤਾਨ ਨਾਲ

ਭਾਰਤ ਸੁਪਰ 8 'ਚ ਆਪਣਾ ਪਹਿਲਾ ਮੈਚ 20 ਜੂਨ ਨੂੰ ਬਾਰਬਾਡੋਸ 'ਚ ਅਫਗਾਨਿਸਤਾਨ ਖਿਲਾਫ ਖੇਡੇਗਾ। ਇਸ ਤੋਂ ਬਾਅਦ 22 ਜੂਨ ਨੂੰ ਭਾਰਤ ਦਾ ਦੂਜਾ ਮੈਚ ਨਾਰਥ ਸਾਊਂਡ 'ਚ ਸੋਮਵਾਰ ਨੂੰ ਬੰਗਲਾਦੇਸ਼ ਅਤੇ ਨੀਦਰਲੈਂਡ ਵਿਚਾਲੇ ਹੋਣ ਵਾਲਾ ਮੈਚ ਜਿੱਤਣ ਵਾਲੀ ਟੀਮ ਨਾਲ ਹੋਵੇਗਾ। ਇਸ ਦੌਰ ਦੇ ਆਪਣੇ ਤੀਜੇ ਅਤੇ ਆਖਰੀ ਮੈਚ ਵਿੱਚ ਭਾਰਤ ਦਾ ਸਾਹਮਣਾ 24 ਜੂਨ ਨੂੰ ਗਰੋਸ ਆਇਲੇਟ ਵਿੱਚ ਆਸਟਰੇਲੀਆ ਨਾਲ ਹੋਵੇਗਾ।
ਸੁਪਰ ਅੱਠ ਲਈ ਦੋ ਗਰੁੱਪ ਹੋਣਗੇ। ਭਾਰਤ, ਆਸਟਰੇਲੀਆ, ਅਫਗਾਨਿਸਤਾਨ ਅਤੇ ਬੰਗਲਾਦੇਸ਼ ਅਤੇ ਨੀਦਰਲੈਂਡ ਵਿਚਾਲੇ ਹੋਣ ਵਾਲੇ ਮੈਚ ਦੀ ਜੇਤੂ ਟੀਮ ਪਹਿਲੇ ਗਰੁੱਪ ਵਿੱਚ ਹੋਵੇਗੀ। ਇੱਥੇ ਭਾਰਤ ਦੇ ਅਫਗਾਨਿਸਤਾਨ ਅਤੇ ਆਸਟ੍ਰੇਲੀਆ ਨਾਲ ਮੈਚ ਹੋਣੇ ਹਨ। ਭਾਰਤੀ ਟੀਮ ਨੂੰ ਆਪਣੇ ਗਰੁੱਪ 'ਚ ਆਸਟ੍ਰੇਲੀਆ ਅਤੇ ਅਫਗਾਨਿਸਤਾਨ ਤੋਂ ਸਾਵਧਾਨ ਰਹਿਣਾ ਹੋਵੇਗਾ। ਜੇਕਰ ਪਹਿਲੇ ਗਰੁੱਪ 'ਚ ਕੋਈ ਉਥਲ-ਪੁਥਲ ਨਹੀਂ ਹੁੰਦੀ ਹੈ ਤਾਂ ਭਾਰਤ ਦਾ ਸੈਮੀਫਾਈਨਲ 'ਚ ਪਹੁੰਚਣਾ ਤੈਅ ਮੰਨਿਆ ਜਾ ਰਿਹਾ ਹੈ।
ਗਰੁੱਪ-2 ਵਿੱਚ ਦੱਖਣੀ ਅਫਰੀਕਾ, ਵੈਸਟਇੰਡੀਜ਼ ਅਤੇ ਅਮਰੀਕਾ ਦੇ ਸਥਾਨ ਪੱਕੇ ਹੋਏ ਹਨ। ਹਰੇਕ ਗਰੁੱਪ ਵਿੱਚੋਂ ਦੋ ਟੀਮਾਂ ਸੈਮੀਫਾਈਨਲ ਲਈ ਕੁਆਲੀਫਾਈ ਕਰਨਗੀਆਂ। ਪਹਿਲਾ ਸੈਮੀਫਾਈਨਲ 26 ਜੂਨ ਨੂੰ ਤ੍ਰਿਨੀਦਾਦ 'ਚ ਅਤੇ ਦੂਜਾ ਸੈਮੀਫਾਈਨਲ 27 ਜੂਨ ਨੂੰ ਗੁਆਨਾ 'ਚ ਹੋਵੇਗਾ। ਜੇਕਰ ਭਾਰਤ ਸੈਮੀਫਾਈਨਲ 'ਚ ਪਹੁੰਚਦਾ ਹੈ ਤਾਂ ਉਹ ਗੁਆਨਾ 'ਚ ਖੇਡੇਗਾ। ਟੀ-20 ਵਿਸ਼ਵ ਕੱਪ ਦਾ ਫਾਈਨਲ 29 ਜੂਨ ਨੂੰ ਬਾਰਬਾਡੋਸ ਦੇ ਬ੍ਰਿਜਟਾਊਨ 'ਚ ਖੇਡਿਆ ਜਾਵੇਗਾ।

# ਆਸਟਰੇਲੀਆ ਦੀ ਸਕਾਟਲੈਂਡ ’ਤੇ ਪੰਜ ਵਿਕਟਾਂ ਨਾਲ ਜਿੱਤ



ਸਲਾਮੀ ਬੱਲੇਬਾਜ਼ ਟਰੈਵਿਸ ਹੈੱਡ (68 ਦੌੜਾਂ) ਅਤੇ ਹਰਫਨਮੌਲਾ ਮਾਕਰਸ ਸਟੋਇਨਸ (59 ਦੌੜਾਂ) ਦੇ ਨੀਮ ਸੈਂਕੜਿਆਂ ਸਦਕਾ ਆਸਟਰੇਲੀਆ ਨੇ ਅੱਜ ਇੱਥੇ ਸਕਾਟਲੈਂਡ ਨੂੰ ਪੰਜ ਵਿਕਟਾਂ ਨਾਲ ਹਰਾ ਦਿੱਤਾ। ਆਸਟਰੇਲੀਆ ਦੀ ਇਸ ਜਿੱਤ ਸਦਕਾ ਇੰਗਲੈਂਡ ਦੀ ਸੁਪਰ-8 ਗੇੜ ’ਚ ਜਗ੍ਹਾ ਪੱਕੀ ਹੋ ਗਈ।
ਸਕਾਟਲੈਂਡ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਬਰੈਂਡਨ ਮੈਕੁਲੇਨ (60 ਦੌੜਾਂ) ਦੇ ਨੀਮ ਸੈਂਕੜੇ ਸਦਕਾ 20 ਓਵਰਾਂ ’ਚ 180 ਦੌੜਾਂ ਬਣਾ ਕੇ ਆਸਟਰੇਲੀਆ ਨੂੰ ਜਿੱਤ ਲਈ 181 ਦੌੜਾਂ ਟੀਚਾ ਦਿੱਤਾ, ਜਿਸ ਨੂੰ ਆਸਟਰੇਲੀਆ ਨੇ 19.5 ਓਵਰਾਂ ’ਚ 186 ਦੌੜਾਂ ਬਣਾਉਂਦਿਆਂ ਸਰ ਕਰ ਲਿਆ। ਸਕਾਟਲੈਂਡ ਤੇ ਇੰਗਲੈਂਡ ਦੇ ਬਰਾਬਰ ਪੰਜ-ਪੰਜ ਅੰਕ ਹਨ ਪਰ ਬੇਹਤਰ ਰਨ ਔਸਤ ਸਦਕਾ ਇੰਗਲੈਂਡ ਦੀ ਸੁਪਰ-8 ਗੇੜ ’ਚ ਜਗ੍ਹਾ ਪੱਕੀ ਹੋ ਗਈ

# ਨਿਊਜ਼ੀਲੈਂਡ ਦੀਆਂ ਨਜ਼ਰਾਂ ਪਾਪੂਆ ਨਿਊ ਗਿਨੀ ਖਿਲਾਫ ਵੱਡੀ ਜਿੱਤ 'ਤੇ

ਪਿਛਲੇ 10 ਸਾਲਾਂ 'ਚ ਪਹਿਲੀ ਵਾਰ ਸੈਮੀਫਾਈਨਲ ਦੀ ਦੌੜ 'ਚੋਂ ਬਾਹਰ ਹੋਈ ਨਿਊਜ਼ੀਲੈਂਡ ਦੀ ਨਜ਼ਰ ਟੀ-20 ਵਿਸ਼ਵ ਕੱਪ 'ਚ ਪਾਪੂਆ ਖਿਲਾਫ ਮੈਚ 'ਚ ਵੱਡੀ ਜਿੱਤ ਦਰਜ ਕਰਕੇ ਆਪਣੀ ਮੁਹਿੰਮ ਸਮਾਪਤ ਕਰਨ 'ਤੇ ਹੋਵੇਗੀ। ਨਿਊਜ਼ੀਲੈਂਡ ਦਾ ਆਈਸੀਸੀ ਮੁਕਾਬਲਿਆਂ ਵਿੱਚ ਚੰਗਾ ਪ੍ਰਦਰਸ਼ਨ ਰਿਹਾ ਹੈ ਪਰ ਇੱਥੇ ਉਸ ਨੇ ਸ਼ੁਰੂਆਤ ਵਿੱਚ ਖ਼ਰਾਬ ਪ੍ਰਦਰਸ਼ਨ ਕੀਤਾ ਜਿਸ ਕਾਰਨ ਉਹ ਸੁਪਰ ਅੱਠ ਵਿੱਚ ਥਾਂ ਬਣਾਉਣ ਦੀ ਦੌੜ ਤੋਂ ਬਾਹਰ ਹੋ ਗਿਆ। ਨਿਊਜ਼ੀਲੈਂਡ ਦੀ ਟੀਮ ਲਈ ਇਹ ਮੈਚ ਅਹਿਮ ਹੋ ਗਿਆ ਹੈ ਕਿਉਂਕਿ ਉਸ ਦੇ ਤੇਜ਼ ਗੇਂਦਬਾਜ਼ ਟ੍ਰੇਂਟ ਬੋਲਟ ਨੇ ਪੁਸ਼ਟੀ ਕੀਤੀ ਹੈ ਕਿ ਟੀ-20 ਵਿਸ਼ਵ ਕੱਪ 'ਚ ਇਹ ਉਸਦਾ ਆਖਰੀ ਮੈਚ ਹੋਵੇਗਾ। ਅਜਿਹੇ 'ਚ ਕੇਨ ਵਿਲੀਅਮਸਨ ਦੀ ਅਗਵਾਈ ਵਾਲੀ ਟੀਮ ਜਿੱਤ ਦੇ ਨਾਲ ਆਪਣੇ ਤੇਜ਼ ਗੇਂਦਬਾਜ਼ ਨੂੰ ਅਲਵਿਦਾ ਕਹਿਣਾ ਚਾਹੇਗੀ। ਪਾਪੂਆ ਨਿਊ ਗਿਨੀ ਦੀ ਟੀਮ ਹੁਣ ਤੱਕ ਆਪਣੇ ਤਿੰਨੋਂ ਮੈਚ ਹਾਰ ਚੁੱਕੀ ਹੈ ਅਤੇ ਜੇਕਰ ਉਸ ਦੀ ਟੀਮ ਨਿਊਜ਼ੀਲੈਂਡ ਨੂੰ ਥੋੜੀ ਵੀ ਚੁਣੌਤੀ ਪੇਸ਼ ਕਰਦੀ ਹੈ ਤਾਂ ਇਹ ਉਸ ਲਈ ਕਾਫੀ ਮਾਅਨੇ ਰੱਖਦੀ ਹੈ।
ਟੀਮਾਂ ਇਸ ਪ੍ਰਕਾਰ ਹਨ:
ਨਿਊਜ਼ੀਲੈਂਡ : ਕੇਨ ਵਿਲੀਅਮਸਨ (ਕਪਤਾਨ), ਫਿਨ ਐਲਨ, ਟ੍ਰੇਂਟ ਬੋਲਟ, ਮਾਈਕਲ ਬ੍ਰੇਸਵੈੱਲ, ਮਾਰਕ ਚੈਪਮੈਨ, ਡੇਵੋਨ ਕੌਨਵੇ (ਵਿਕਟਕੀਪਰ), ਲੌਕੀ ਫਰਗੂਸਨ, ਮੈਟ ਹੈਨਰੀ, ਡੇਰਿਲ ਮਿਸ਼ੇਲ, ਜਿੰਮੀ ਨੀਸ਼ਮ, ਗਲੇਨ ਫਿਲਿਪਸ (ਵਿਕਟਕੀਪਰ), ਰਚਿਨ ਰਵਿੰਦਰਾ, ਮਿਸ਼ੇਲ ਸੈਂਟਨਰ , ਈਸ਼ ਸੋਢੀ, ਟਿਮ ਸਾਊਥੀ।
ਪਾਪੂਆ ਨਿਊ ਗਿਨੀ : ਅਸਦੁੱਲਾ ਵਾਲਾ (ਕਪਤਾਨ), ਏਲੀ ਨਾਓ, ਚਾਡ ਸੋਪਰ, ਸੀਜੇ ਅਮੀਨੀ, ਹਿਲਾ ਵੇਰੇ, ਹਿਰੀ ਹਿਰੀ, ਜੈਕ ਗਾਰਡਨਰ, ਜੌਨ ਕਰੀਕੋ, ਕਾਬੂਆ ਵਾਗੀ ਮੋਰੀਆ, ਕਿਪਲਿੰਗ ਡੋਰੀਗਾ (ਵਿਕਟਕੀਪਰ), ਲੇਗਾ ਸਿਆਕਾ, ਨੌਰਮਨ ਵੈਨੂਆ, ਸੇਮਾ ਕਾਮੀਆ, ਸੇਸੇ ਬਾਉ , ਟੋਨੀ ਉਰਾ।

## ਚੀਨ-ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀਆਂ ਨੇ ਕੀਤੀ ਮੁਲਾਕਾਤ



ਚੀਨੀ ਪ੍ਰਧਾਨ ਮੰਤਰੀ ਲੀ ਕਿਆਂਗ ਨੇ ਸੋਮਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨਾਲ ਦੋਹਾਂ ਦੇਸ਼ਾਂ ਵਿਚਾਲੇ ਮਤਭੇਦਾਂ ਨੂੰ 'ਸਹੀ ਢੰਗ ਨਾਲ ਹੱਲ' ਕਰਨ ਲਈ ਸਹਿਮਤੀ ਜਤਾਈ ਹੈ। ਆਸਟ੍ਰੇਲੀਆ ਅਤੇ ਚੀਨ ਅਜਿਹੇ ਦੌਰ ਤੋਂ ਉਭਰ ਰਹੇ ਹਨ ਜਿਸ 'ਚ ਮੰਤਰੀਆਂ ਦਰਮਿਆਨ ਸੰਪਰਕ 'ਤੇ ਪਾਬੰਦੀ ਸੀ ਅਤੇ ਵਪਾਰਕ ਰੁਕਾਵਟਾਂ ਕਾਰਨ ਆਸਟ੍ਰੇਲੀਆ ਨਿਰਯਾਤਕਾਂ ਨੂੰ ਹਰ ਸਾਲ 20 ਅਰਬ ਆਸਟ੍ਰੇਲੀਆਈ ਡਾਲਰ ਤੱਕ ਦਾ ਨੁਕਸਾਨ ਹੋ ਰਿਹਾ ਸੀ। ਲੀ ਕਿਆਂਗ, ਅਲਬਾਨੀਜ਼ ਅਤੇ ਦੋਹਾਂ ਦੇਸ਼ਾਂ ਦੇ ਸੀਨੀਅਰ ਮੰਤਰੀਆਂ ਨੇ ਸੋਮਵਾਰ ਨੂੰ ਆਸਟ੍ਰੇਲੀਆ ਦੇ ਸੰਸਦ ਭਵਨ 'ਚ ਮੁਲਾਕਾਤ ਕੀਤੀ ਅਤੇ ਵਪਾਰਕ ਰੁਕਾਵਟਾਂ, ਅੰਤਰਰਾਸ਼ਟਰੀ ਜਲ ਖੇਤਰ 'ਚ ਦੋਹਾਂ ਦੇਸ਼ਾਂ ਦੀਆਂ ਫ਼ੌਜਾਂ ਦਰਮਿਆਨ ਝੜਪਾਂ ਅਤੇ ਆਸਟ੍ਰੇਲੀਆ 'ਚ ਮਹੱਤਵਪੂਰਨ ਖਣਿਜਾਂ 'ਚ ਨਿਵੇਸ਼ ਕਰਨ ਦੀ ਚੀਨ ਦੀ ਇੱਛਾ ਸਮੇਤ ਕਈ ਗੁੰਝਲਦਾਰ ਮੁੱਦਿਆਂ 'ਤੇ ਚਰਚਾ ਕੀਤੀ। ਲੀ ਸ਼ਨੀਵਾਰ ਨੂੰ ਐਡੀਲੇਡ ਅਤੇ ਐਤਵਾਰ ਨੂੰ ਰਾਸ਼ਟਰੀ ਰਾਜਧਾਨੀ ਕੈਨਬਰਾ ਪਹੁੰਚੇ। ਇਹ 7 ਸਾਲਾਂ 'ਚ ਕਿਸੇ ਚੀਨੀ ਪ੍ਰਧਾਨ ਮੰਤਰੀ ਦੀ ਆਸਟ੍ਰੇਲੀਆ ਦੀ ਇਹ ਪਹਿਲੀ ਅਧਿਕਾਰਤ ਯਾਤਰਾ ਹੈ। ਲੀ, ਰਾਸ਼ਟਰਪਤੀ ਸ਼ੀ ਜਿਨਪਿੰਗ ਤੋਂ ਬਾਅਦ ਚੀਨ ਦੇ ਸਭ ਤੋਂ ਸੀਨੀਅਰ ਨੇਤਾ ਹਨ।


ਲੀ ਨੇ ਸੋਮਵਾਰ ਦੀ ਬੈਠਕ ਤੋਂ ਬਾਅਦ ਪੱਤਰਕਾਰਾਂ ਨੂੰ ਕਿਹਾ,''ਦੁਵੱਲੇ ਸਬੰਧ ਲਗਾਤਾਰ ਸੁਧਾਰ ਅਤੇ ਵਿਕਾਸ ਦੇ ਸਹੀ ਰਸਤੇ 'ਤੇ ਹਨ।'' ਲੀ ਨੇ ਕਿਹਾ,''ਅਸੀਂ ਕੁਝ ਮਤਭੇਦਾਂ ਅਤੇ ਅਸਹਿਮਤੀਆਂ 'ਤੇ ਵਿਚਾਰ ਵਟਾਂਦਰਾ ਕੀਤਾ ਅਤੇ ਸਾਡੀ ਵਿਆਪਕ ਰਣਨੀਤਕ ਸਾਂਝੇਦਾਰੀ ਦੇ ਅਨੁਕੂਰ ਇਨ੍ਹਾਂ ਮਤਭੇਦਾਂ ਨੂੰ ਉੱਚਿਤ ਤਰੀਕੇ ਨਾਲ ਸੁਲਝਾਉਣ 'ਤੇ ਸਹਿਮਤੀ ਬਣੀ ਹੈ।'' ਅਲਬਾਨੀਜ਼ ਨੇ ਚਰਚਾ ਨੂੰ ਰਚਨਾਤਮਕ ਕਰਾਰ ਦਿੱਤਾ। ਅਲਬਾਨੀਜ਼ ਨੇ ਕਿਹਾ,''ਆਸਟ੍ਰੇਲੀਆ ਇਸ ਗੱਲ ਦੀ ਵਕਾਲਤ ਕਰਦਾ ਹੈ ਕਿ ਸਾਨੂੰ ਸਾਰਿਆਂ ਨੂੰ ਖੇਤਰੀ ਸੰਤੁਲਨ ਨੂੰ ਉਤਸ਼ਾਹ ਦੇਣ ਲਈ ਇ ਤਰ੍ਹਾਂ ਮਿਲ ਕੇ ਕੰਮ ਕਰਨਾ ਚਾਹੀਦਾ, ਜਿੱਥੇ ਕੋਈ ਵੀ ਦੇਸ਼ ਹਾਵੀ ਨਾ ਹੋਵੇ ਅਤੇ ਕਿਸੇ ਵੀ ਦੇਸ਼ ਦਾ ਪ੍ਰਭੁਤੱਵ ਨਾ ਹੋਵੇ।'' ਉਨ੍ਹਾਂ ਕਿਹਾ,''ਮੈਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਵੱਖ-ਵੱਖ ਇਤਿਹਾਸ, ਰਾਜਨੀਤਕ ਵਿਵਸਥਾ ਅਤੇ ਮੁੱਲਾਂ ਵਾਲੇ ਰਾਸ਼ਟਰਾਂ ਵਜੋਂ, ਜਿੱਥੇ ਤੱਕ ਸੰਭਵ ਹੋਵੇਗਾ ਅਸੀਂ ਚੀਨ ਨਾਲ ਸਹਿਯੋਗ ਕਰਾਂਗੇ, ਜਿੱਥੇ ਲੋੜ ਹੋਵੇਗੀ ਅਸਹਿਮਤੀ ਜ਼ਾਹਰ ਕਰਾਂਗੇ ਅਤੇ ਰਾਸ਼ਟਰ ਹਿੱਤ 'ਚ ਫ਼ੈਸਲਾ ਲਵਾਂਗੇ।'' ਆਸਟ੍ਰੇਲੀਆ 'ਚ 9 ਸਾਲ ਤੱਕ ਰੂੜੀਵਾਦੀ ਸਰਕਾਰ ਦੇ ਸੱਤਾ 'ਚ ਰਹਿਣ ਤੋਂ ਬਾਅਦ 2022 'ਚ ਅਲਬਾਨੀਜ਼ ਦੀ ਮੱਧ-ਖੱਬੇ ਪੱਖੀ ਲੇਬਰ ਪਾਰਟੀ ਦੇ ਸੱਤਾ 'ਚ ਆਉਣ ਦੇ ਸਮੇਂ ਤੋਂ ਦੋਹਾਂ ਦੇਸ਼ਾਂ ਦਰਮਿਆਨ ਦੋ-ਪੱਖੀ ਸੰਬੰਧਾਂ 'ਚ ਜ਼ਿਕਰਯੋਗ ਸੁਧਾਰ ਹੋਇਆ ਹੈ।

## ਕੈਲੀਫੋਰਨੀਆ ਵਿੱਚ ਪਿਤਾ ਦਿਵਸ ਸਮਾਗਮ ਦੌਰਾਨ ਜਹਾਜ਼ ਹਾਦਸੇ 'ਚ 2 ਪਾਇਲਟਾਂ ਦੀ ਮੌਤ



ਅਮਰੀਕਾ ਦੇ ਇੱਕ ਹਵਾਈ ਅਜਾਇਬ ਘਰ ਦੁਆਰਾ ਹਫਤੇ ਦੇ ਅੰਤ ਵਿੱਚ ਆਯੋਜਿਤ ਫਾਦਰਜ਼ ਡੇ ਈਵੈਂਟ ਦੌਰਾਨ ਦੱਖਣੀ ਕੈਲੀਫੋਰਨੀਆ ਏਅਰਫੀਲਡ ਦੇ ਨੇੜੇ ਇੱਕ ਪੁਰਾਣਾ ਜਹਾਜ਼ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਸਵਾਰ ਦੋ ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਦੇ ਕਰੈਸ਼ ਹੋਣ ਤੋਂ ਬਾਅਦ ਉਸ ਨੂੰ ਅੱਗ ਲੱਗ ਗਈ। ਫੈਡਰਲ ਏਵੀਏਸ਼ਨ ਐਡਮਿਨਿਸਟ੍ਰੇਸ਼ਨ ਨੇ ਕਿਹਾ ਕਿ ਟਵਿਨ ਇੰਜਣ ਵਾਲਾ ਲਾਕਹੀਡ 12 ਏ ਜਹਾਜ਼ ਸ਼ਨੀਵਾਰ ਨੂੰ ਸਾਨ ਬਰਨਾਰਡੀਨੋ ਕਾਉਂਟੀ ਦੇ ਚਿਨੋ ਹਵਾਈ ਅੱਡੇ ਦੇ ਪੱਛਮ ਵਿੱਚ ਲਗਭਗ 12:30 ਵਜੇ ਕਰੈਸ਼ ਹੋ ਗਿਆ।ਚਿਨੋ ਵੈਲੀ ਫਾਇਰ ਡਿਸਟ੍ਰਿਕਟ ਬਟਾਲੀਅਨ ਦੇ ਮੁਖੀ ਬ੍ਰਾਇਨ ਟਰਨਰ ਨੇ ਕਿਹਾ ਕਿ ਫਾਇਰਫਾਈਟਰਜ਼ ਨੇ 10 ਮਿੰਟਾਂ ਦੇ ਅੰਦਰ ਅੱਗ 'ਤੇ ਕਾਬੂ ਪਾ ਲਿਆ ਹਾਲਾਂਕਿ ਜਹਾਜ਼ ਦੇ ਅੰਦਰ ਦੋ ਲੋਕਾਂ ਦੀ ਮੌਤ ਹੋ ਗਈ। ਐਤਵਾਰ ਦੁਪਹਿਰ ਤੱਕ ਮ੍ਰਿਤਕਾਂ ਦੇ ਨਾਮ ਜਾਰੀ ਨਹੀਂ ਕੀਤੇ ਗਏ ਸਨ। ਦੱਖਣੀ ਕੈਲੀਫੋਰਨੀਆ ਨਿਊਜ਼ ਗਰੁੱਪ ਨੇ ਰਿਪੋਰਟ ਦਿੱਤੀ ਕਿ ਟਰਨਰ ਨੇ ਜਹਾਜ਼ ਨੂੰ ਪੁਰਾਣਾ ਅਤੇ ਇਤਿਹਾਸਕ ਦੱਸਿਆ। ਖਬਰਾਂ ਮੁਤਾਬਕ ਇਹ ਜਹਾਜ਼ 'ਯੈਂਕਸ ਏਅਰ ਮਿਊਜ਼ੀਅਮ' ਦਾ ਸੀ।ਏਅਰ ਮਿਊਜ਼ੀਅਮ ਨੇ ਫੇਸਬੁੱਕ 'ਤੇ ਕਿਹਾ "ਇਸ ਸਮੇਂ, ਅਸੀਂ ਸਥਾਨਕ ਅਧਿਕਾਰੀਆਂ ਅਤੇ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਨਾਲ ਮਿਲ ਕੇ ਕੰਮ ਕਰ ਰਹੇ ਹਾਂ" । 'ਯੈਂਕਸ ਏਅਰ ਮਿਊਜ਼ੀਅਮ' ਅਗਲੇ ਨੋਟਿਸ ਤੱਕ ਬੰਦ ਰਹੇਗਾ ਕਿਉਂਕਿ ਸਾਡਾ ਪਰਿਵਾਰ ਇਸ ਘਟਨਾ ਨਾਲ ਜੂਝ ਰਿਹਾ ਹੈ ਅਤੇ ਅਸੀਂ ਇਸ ਮੁਸ਼ਕਲ ਸਮੇਂ 'ਤੇ ਨੈਵੀਗੇਟ ਕਰਦੇ ਹੋਏ ਤੁਹਾਡੀ ਗੋਪਨੀਯਤਾ ਲਈ ਤੁਹਾਡੇ ਸਬਰ ਅਤੇ ਸਤਿਕਾਰ ਦੀ ਸ਼ਲਾਘਾ ਕਰਦੇ ਹਾਂ।


## ਅਮਰੀਕਾ ਦੇ ਇਕ ਪਾਰਕ 'ਚ ਗੋਲੀਬਾਰੀ 'ਚ 2 ਲੋਕਾਂ ਦੀ ਮੌਤ,



ਅਮਰੀਕਾ 'ਚ ਟੈਕਸਾਸ ਦੇ ਇਕ ਪਾਰਕ 'ਚ ਸ਼ਨੀਵਾਰ ਨੂੰ ਹੋਈ ਗੋਲੀਬਾਰੀ 'ਚ 2 ਲੋਕਾਂ ਦੀ ਮੌਤ ਹੋ ਗਈ ਅਤੇ ਕਈ ਜ਼ਖ਼ਮੀ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਘਟਨਾ ਸ਼ਨੀਵਾਰ ਰਾਤ 11 ਵਜੇ ਤੋਂ ਕੁਝ ਪਹਿਲੇ ਆਸਟਿਨ ਤੋਂ ਲਗਭਗ 19 ਮੀਲ (30.5 ਕਿਲੋਮੀਟਰ) ਉੱਤਰ 'ਚ 'ਰਾਊਂਡ ਰਾਕ ਦੇ ਓਲਡ ਸੈਟਲਰਸ' ਪਾਰਕ 'ਚ 'ਜੂਨਟੀਨਥ' ਸਮਾਰੋਹ ਦੌਰਾਨ ਹੋਈ। ਰਾਊਂਡ ਰਾਕ ਪੁਲਸ ਮੁਖੀ ਏਲਨ ਬੈਂਕਸ ਨੇ ਹਾਦਸੇ ਵਾਲੀ ਜਗ੍ਹਾ 'ਤੇ ਆਯੋਜਿਤ ਪੱਤਰਕਾਰ ਸੰਮੇਲਨ 'ਚ ਦੱਸਿਆ ਕਿ ਪ੍ਰੋਗਰਾਮ ਦੌਰਾਨ 2 ਸਮੂਹਾਂ ਵਿਚਾਲੇ ਕਿਸੇ ਗੱਲ ਨੂੰ ਲੈ ਕੇ ਝਗੜਾ ਹੋ ਗਿਆ ਅਤੇ ਕਿਸੇ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ।

ਐਲਨ ਨੇ ਦੱਸਿਆ ਕਿ ਜਿਨ੍ਹਾਂ 2 ਪੀੜਤਾਂ ਨੂੰ ਹਾਦਸੇ ਵਾਲੀ ਜਗ੍ਹਾ 'ਤੇ ਹੀ ਮ੍ਰਿਤਕ ਐਲਾਨ ਕਰ ਦਿੱਤਾ ਗਿਆ, ਉਹ ਇਸ ਝਗੜੇ 'ਚ ਸ਼ਾਮਲ ਨਹੀਂ ਸਨ। ਉਨ੍ਹਾਂ ਦੱਸਿਆ ਕਿ ਗੋਲੀਬਾਰੀ ਸੰਗੀਤ ਸਮਾਰੋਹ ਲਈ ਬਣਾਏ ਗਏ ਮੰਚ ਤੋਂ ਕੁਝ ਦੂਰ ਵੈਂਡਰ ਖੇਤਰ ਦੇ ਨੇੜੇ ਹੋਈ। ਉਨ੍ਹਾਂ ਕਿਹਾ ਕਿ ਕਈ ਜ਼ਖ਼ਮੀਆਂ ਨੂੰ ਸਥਾਨਕ ਹਸਪਤਾਲਾਂ 'ਚ ਲਿਜਾਇਆ ਗਿਆ। ਉਨ੍ਹਾਂ ਕਿਹਾ ਕਿ ਪੁਲਸ ਨੇ ਅਜੇ ਤੱਕ ਇਸ ਸਿਲਸਿਲੇ 'ਚ ਕਿਸੇ ਸ਼ੱਕੀ ਨੂੰ ਹਿਰਾਸਤ 'ਚ ਨਹੀਂ ਲਿਆ ਹੈ। ਉਨ੍ਹਾਂ ਕਿਹਾ ਕਿ ਅਜੇ ਤਾਂ ਇਹ ਵੀ ਨਹੀਂ ਪਤਾ ਲੱਗਾ ਹੈ ਕਿ ਇਸ ਘਟਨਾ 'ਚ ਕਿੰਨੇ ਹਮਲਾਵਰ ਸ਼ਾਮਲ ਸਨ। ਉਨ੍ਹਾਂ ਕਿਹਾ ਕਿ ਇਸ ਸੰਬੰਧ 'ਚ ਜਾਂਚ ਜਾਰੀ ਹੈ।

## ਸੜਕ ਤੇ ਦੌੜਦਾ ਹਿਰਨ ਚੱਲਦੀ ਬੱਸ ਦੀ ਵਿੰਡਸਕਰੀਨ ਤੋੜ ਕੇ ਵੜਿਆ ਅੰਦਰ



ਇਕ ਹਿਰਨ ਦੇ ਬੱਸ ਦੀ ਵਿੰਡਸਕਰੀਨ ਤੋੜ ਕੇ ਅੰਦਰ ਦਾਖਲ ਹੋਣ ਦਾ ਹੈਰਾਨ ਕਰਨ ਵਾਲਾ ਵੀਡੀਓ ਇੰਟਰਨੈੱਟ 'ਤੇ ਵਾਇਰਲ ਹੋ ਰਿਹਾ ਹੈ। ਇਸ ਵੀਡੀਓ ਨੂੰ ਦੇਖ ਕੇ ਲੋਕ ਹੈਰਾਨ ਹਨ। ਵਾਇਰਲ ਹੋ ਰਹੀ ਇਹ ਵੀਡੀਓ ਅਮਰੀਕੀ ਸੂਬੇ ਰੋਡ ਆਈਲੈਂਡ ਦੀ ਦੱਸੀ ਜਾ ਰਹੀ ਹੈ ਅਤੇ ਇਹ ਸਾਰੀ ਘਟਨਾ ਬੱਸ 'ਚ ਲੱਗੇ ਕੈਮਰੇ 'ਚ ਰਿਕਾਰਡ ਹੋ ਗਈ, ਜਿਸ ਦੀ ਵੀਡੀਓ ਹੁਣ ਹਰ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਦੇਖਣ ਨੂੰ ਮਿਲ ਰਹੀ ਹੈ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਇੱਕ ਹਿਰਨ ਨੇ ਚੱਲਦੀ ਬੱਸ ਦੀ ਵਿੰਡਸਕਰੀਨ ਤੋੜ ਦਿੱਤੀ ਅਤੇ ਬੱਸ ਵਿੱਚ ਜਾ ਵੜਿਆ।ਡੇਲੀ ਮੇਲ ਦੀ ਰਿਪੋਰਟ ਮੁਤਾਬਕ ਰ੍ਹੋਡ ਆਈਲੈਂਡ 'ਚ ਅਚਾਨਕ ਇਕ ਹਿਰਨ ਚੱਲਦੀ ਬੱਸ 'ਚ ਵੜ ਗਿਆ। ਵੀਡੀਓ 'ਚ ਤੁਸੀਂ ਹਿਰਨ ਨੂੰ ਵਿੰਡਸਕ੍ਰੀਨ ਤੋੜਦੇ ਹੋਏ ਬੱਸ 'ਚ ਛਾਲ ਮਾਰਦੇ ਦੇਖ ਸਕਦੇ ਹੋ। ਇਸ ਘਟਨਾ ਤੋਂ ਬਾਅਦ ਬੱਸ 'ਚ ਮੌਜੂਦ ਸਵਾਰੀਆਂ ਬੁਰੀ ਤਰ੍ਹਾਂ ਡਰ ਗਈਆਂ ਅਤੇ ਕੁਝ ਸਵਾਰੀਆਂ ਜ਼ਖਮੀ ਵੀ ਹੋ ਗਈਆਂ। ਡੈਸ਼ਕੈਮ ਫੁਟੇਜ ਵਿਚ ਹਿਰਨ ਨੂੰ ਬੱਸ ਵੱਲ ਭੱਜਦੇ ਹੋਏ ਅਤੇ ਉਸ ਦੀ ਵਿੰਡਸਕ੍ਰੀਨ ਨੂੰ ਤੋੜਦੇ ਹੋਏ ਦਿਖਾਇਆ ਗਿਆ ਹੈ। ਖੁਸ਼ਕਿਸਮਤੀ ਰਹੀ ਕਿ ਡਰਾਈਵਰ ਨੇ ਬੱਸ 'ਤੇ ਕਾਬੂ ਪਾ ਲਿਆ ਅਤੇ ਵੱਡੇ ਹਾਦਸੇ ਤੋਂ ਬਚਾਅ ਹੋ ਗਿਆ।ਇੰਸਟਾਗ੍ਰਾਮ 'ਤੇ ਵਾਇਰਲ ਹੋਏ ਇਸ ਵੀਡੀਓ ਨੂੰ ਹੁਣ ਤੱਕ ਕਾਫੀ ਦੇਖਿਆ ਅਤੇ ਸ਼ੇਅਰ ਕੀਤਾ ਜਾ ਚੁੱਕਾ ਹੈ। ਇਕ ਰਿਪੋਰਟ ਮੁਤਾਬਕ ਇਹ ਘਟਨਾ 10 ਜੂਨ ਦੀ ਹੈ, ਜਦੋਂ ਵਾਰਵਿਕ ਐਵੇਨਿਊ 'ਤੇ ਚੱਲ ਰਹੀ ਰਿਪਟਾ ਬੱਸ ਨਾਲ ਹਿਰਨ ਦੀ ਅਚਾਨਕ ਟੱਕਰ ਹੋ ਗਈ। ਰ੍ਹੋਡ ਆਈਲੈਂਡ ਪਬਲਿਕ ਟਰਾਂਸਪੋਰਟੇਸ਼ਨ ਅਥਾਰਟੀ (ਰਿਪਟਾ) ਨੇ ਬੱਸ ਤੋਂ ਨਿਗਰਾਨੀ ਫੁਟੇਜ ਜਾਰੀ ਕੀਤੀ, ਜਿਸ ਵਿੱਚ ਹਿਰਨ ਨੂੰ ਇੱਕ ਯਾਤਰੀ 'ਤੇ ਲਗਭਗ ਚਾਰੇ ਪਾਸੇ ਡਿੱਗਣ ਤੋਂ ਪਹਿਲਾਂ ਹਵਾ ਵਿੱਚ ਉੱਡਦਾ ਦਿਖਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਹਾਦਸੇ 'ਚ ਜ਼ਖਮੀ ਹਿਰਨ ਦੀ ਬੱਸ ਦੇ ਅੰਦਰ ਹੀ ਮੌਤ ਹੋ ਗਈ।

## ਬਰਈ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਨਿਰਾਸ਼



ਭਾਰਤ 'ਚ ਹਾਲ ਹੀ 'ਚ ਹੋਈਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ 'ਤੇ ਨਿਰਾਸ਼ਾ ਜ਼ਾਹਰ ਕਰਦੇ ਹੋਏ ਇਕ ਪ੍ਰਮੁੱਖ ਭਾਰਤੀ ਅਮਰੀਕੀ ਨੇ ਸ਼ਨੀਵਾਰ ਨੂੰ ਕਿਹਾ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਵਰਕਰਾਂ ਲਈ ਇਹ ਸਮਾਂ ਹੈ ਕਿ ਉਹ ਜਿੱਤ ਦਾ ਜਸ਼ਨ ਨਾ ਮਨਾਉਣ। 'ਓਵਰਸੀਜ਼ ਫਰੈਂਡਜ਼ ਆਫ ਬੀ.ਜੇ.ਪੀ. ਯੂ.ਐੱਸ.ਏ.' ਵੱਲੋਂ ਆਯੋਜਿਤ ਜਿੱਤ ਸਮਾਰੋਹ ਦੌਰਾਨ ਡਾ: ਭਰਤ ਬਰਈ ਨੇ ਪਾਰਟੀ ਮੈਂਬਰਾਂ ਨੂੰ ਕਿਹਾ, "ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਨੇ ਭਾਰਤ ਵਿਚ ਜਿਹੜਾ ਕੰਮ ਕੀਤਾ ਹੈ ਉਸ ਲਈ ਉਨ੍ਹਾਂ ਨੂੰ 400 ਸੀਟਾਂ ਮਿਲਣੀਆਂ ਚਾਹੀਦੀਆਂ ਹਨ, ਪਰ ਅਜਿਹਾ ਨਹੀਂ ਹੋਇਆ। ਹੁਣ ਇਹ ਦੇਖਣਾ ਚਾਹੀਦਾ ਹੈ ਕਿ ਅਜਿਹਾ ਕਿਉਂ ਨਹੀਂ ਹੋਇਆ।ਉਨ੍ਹਾਂ ਕਿਹਾ, "ਜੇ ਅਸੀਂ ਸਿਰਫ਼ ਜਸ਼ਨ ਮਨਾਉਂਦੇ ਰਹੇ, ਤਾਂ ਅਗਲੀ ਵਾਰ ਅਸੀਂ ਸੁਣਾਂਗੇ ਕਿ ਭਾਜਪਾ ਮਹਾਰਾਸ਼ਟਰ ਤੋਂ ਬਾਹਰ ਹੈ। ਇਸ ਲਈ ਸਾਡੇ ਲਈ ਇਹ ਆਤਮ-ਪੜਚੋਲ ਕਰਨਾ ਬਹੁਤ ਜ਼ਰੂਰੀ ਹੈ ਕਿ 400 ਸੀਟਾਂ ਮਿਲਣ ਦੀ ਬਜਾਏ ਕੌਮੀ ਜਮਹੂਰੀ ਗਠਜੋੜ ਨੂੰ ਸਿਰਫ਼ 292 ਸੀਟਾਂ ਹੀ ਕਿਉਂ ਮਿਲੀਆਂ? ਅਤੇ ਜਦੋਂ ਪਿਛਲੀਆਂ ਚੋਣਾਂ ਵਿੱਚ ਭਾਜਪਾ ਪੂਰਨ ਬਹੁਮਤ ਵਿੱਚ ਸੀ ਤਾਂ ਇਸ ਵਾਰ ਉਸ ਨੂੰ ਸਿਰਫ਼ 240 ਸੀਟਾਂ ਹੀ ਕਿਉਂ ਮਿਲੀਆਂ?

## ਸਭ ਤੋਂ ਸੁੰਦਰ ਪਿੰਡ 'ਚ ਹੁਣ ਲੱਗੇਗੀ ਐਂਟਰੀ ਫ਼ੀਸ, ਇਸ ਕਾਰਨ ਲਿਆ ਗਿਆ ਇਹ ਫ਼ੈਸਲਾ



ਲਾਟਰਬਰੁਨੇਨ ਪਿੰਡ ਨੂੰ ਸਵਿਟਜ਼ਰਲੈਂਡ ਦਾ ਸਭ ਤੋਂ ਖ਼ੂਬਸੂਰਤ ਪਿੰਡ ਕਿਹਾ ਜਾਂਦਾ ਹੈ। ਇੱਥੇ ਦੇ ਹਰਿਆਲੀ, ਉੱਚੇ-ਉੱਚੇ ਪਹਾੜਾਂ ਤੋਂ ਡਿੱਗਦਾ ਝਰਨਾ ਅਤੇ ਝਰਨੇ ਕੋਲ ਬਣਦੇ ਇੰਦਰਧਨੁਸ਼ ਨੂੰ ਦੇਖਣ ਲਈ ਹਰ ਸਾਲ ਲੱਖਾਂ ਸੈਲਾਨੀ ਆਉਂਦੇ ਹਨ। ਕੋਰੋਨਾ ਮਹਾਮਾਰੀ ਖ਼ਤਮ ਹੋਣ ਤੋਂ ਬਾਅਦ ਇੱਥੇ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧੀ ਹੈ। ਇਸ ਪਿੰਡ ਚ ਆਉਣ ਲਈ ਇਕ ਹੀ ਸੜਕ ਹੈ, ਜਿਸ ਕਾਰਨ ਇੱਥੇ ਹਮੇਸ਼ਾ ਜਾਮ ਲੱਗਾ ਰਹਿੰਦਾ ਹੈ।

ਸੈਲਾਨੀਆਂ ਦੀ ਗਿਣਤੀ ਵਧਣ ਕਾਰਨ ਵੈਨਿਸ ਅਤੇ ਕਿਊਟੋ ਵਰਗੇ ਸ਼ਹਿਰਾਂ ਦੀ ਤਰ੍ਹਾਂ ਲਾਟਰਬਰੁਨੇਨ ਪਿੰਡ ਵੀ ਓਵਰ ਟੂਰਿਜ਼ਮ ਦਾ ਸ਼ਿਕਾਰ ਹੋ ਗਿਆ ਹੈ। ਹੁਣ ਸਰਕਾਰ ਅਤੇ ਪ੍ਰਸ਼ਾਸਨ ਇਸ ਨੂੰ ਕੰਟਰੋਲ ਕਰਨ ਲਈ ਉਪਾਵਾਂ ਬਾਰੇ ਸੋਚ ਰਹੇ ਹਨ। ਕਰੀਬ 2400 ਲੋਕਾਂ ਦੀ ਆਬਾਦੀ ਵਾਲੀ ਇਸ ਪਿੰਡ 'ਚ ਹਰ ਰੋਜ਼ 6 ਹਜ਼ਾਰ ਸੈਲਾਨੀ ਆਉਂਦੇ ਹਨ। ਪੀਕ ਸੀਜ਼ਨ 'ਚ ਇਸ ਪਿੰਡ 'ਚ ਹਰ ਰੋਜ਼ 20 ਹਜ਼ਾਰ ਤੋਂ ਵੱਧ ਸੈਲਾਨੀ ਪਹੁੰਚਦੇ ਹਨ। ਬਾਹਰੋਂ ਆਉਣ ਵਾਲੇ ਸੈਲਾਨੀਆਂ ਦੀ ਗਿਣਤੀ ਨਾਲ ਇਸ ਪਿੰਡ ਦੇ ਲੋਕ ਪਰੇਸ਼ਾਨ ਹੋ ਗਏ ਹਨ। ਸੈਲਾਨੀਆਂ ਨੂੰ ਕੰਟਰੋਲ ਕਰਨ ਲਈ ਪ੍ਰਵੇਸ਼ ਫ਼ੀਸ ਲਗਾਉਣ ਦੀ ਤਿਆਰੀ ਹੋ ਰਹੀ ਹੈ। ਪਹਿਲੇ ਪੜਾਅ 'ਚ ਇੱਥੇ ਸਥਿਤ ਬ੍ਰਿਏਂਜ ਲੇਕ ਕੋਲ 500 ਰੁਪਏ ਦਾ ਸੈਲਫ਼ੀ ਟੈਕਸ ਲਗਾਇਆ ਗਿਆ ਹੈ।

## ਮੀਂਹ ਕਾਰਨ ਹੋਏ ਜ਼ਮੀਨ ਖਿਸਕਣ 'ਚ 6 ਲੋਕਾਂ ਦੀ ਮੌਤ, ਕਈ ਲਾਪਤਾ

ਮੱਧ ਇਕਵਾਡੋਰ 'ਚ ਐਤਵਾਰ ਨੂੰ ਜ਼ਮੀਨ ਖਿਸਕਣ ਕਾਰਨ ਇਕ ਹਾਈਵੇਅ 'ਤੇ ਮਲਬਾ ਡਿੱਗ ਗਿਆ, ਜਿਸ ਕਾਰਨ ਘੱਟੋ-ਘੱਟ 6 ਲੋਕਾਂ ਦੀ ਮੌਤ ਹੋ ਗਈ ਅਤੇ 30 ਹੋਰ ਲਾਪਤਾ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਮੋਹਲੇਧਾਰ ਮੀਂਹ ਕਾਰਨ ਦੇਸ਼ ਭਰ 'ਚ ਨਦੀਆਂ 'ਚ ਉਛਾਲ ਹੈ। ਸ਼ਹਿਰ ਦੇ ਫਾਇਰ ਡਿਪਾਰਟਮੈਂਟ ਦੇ ਅਨੁਸਾਰ, ਬਾਨੋਸ ਸ਼ਹਿਰ 'ਚ, ਚਿੱਕੜ ਅਤੇ ਮਲਬਾ ਇਕ ਪਹਾੜੀ ਤੋਂ ਹੇਠਾਂ ਖਿਸਕ ਗਿਆ ਅਤੇ ਤਿੰਨ ਕਾਰਾਂ, ਦੋ ਘਰਾਂ ਅਤੇ ਇਕ ਬੱਸ 'ਤੇ ਡਿੱਗ ਗਿਆ। ਬਾਨੋਸ ਨੂੰ ਇਕਵਾਡੋਰ ਦੇ ਰਿਜ਼ੋਰਟ ਸ਼ਹਿਰ ਵੀ ਕਿਹਾ ਜਾਂਦਾ ਹੈ। ਅੱਗ ਬੁਝਾਊ ਵਿਭਾਗ ਦੇ ਉਪ ਮੁਖੀ ਕੈਪਟਨ ਏਂਜਲ ਬੈਰੀਗਾ ਨੇ ਐਸੋਸੀਏਟਿਡ ਪ੍ਰੈਸ ਨੂੰ ਦੱਸਿਆ ਕਿ ਬਚਾਅ ਕਰਮਚਾਰੀ 9 ਜ਼ਖ਼ਮੀਆਂ ਦਾ ਇਲਾਜ ਕਰ ਰਹੇ ਹਨ ਅਤੇ ਤਬਾਹੀ ਵਾਲੀ ਥਾਂ ਤੋਂ 6 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਦਕਿ 30 ਤੋਂ ਵੱਧ ਲੋਕਾਂ ਦੇ ਚਿੱਕੜ ਵਿਚ ਫਸੇ ਹੋਣ ਦਾ ਖਦਸ਼ਾ ਹੈ। ਪਿਛਲੇ ਕਈ ਦਿਨਾਂ ਤੋਂ ਇਕਵਾਡੋਰ ਅਤੇ ਇਸ ਖੇਤਰ ਦੇ ਹੋਰ ਹਿੱਸਿਆਂ ਵਿਚ ਭਾਰੀ ਮੀਂਹ ਪੈ ਰਿਹਾ ਹੈ। ਇਸ ਹਫ਼ਤੇ ਦੇ ਸ਼ੁਰੂ ਵਿਚ, ਅਲ ਸਲਵਾਡੋਰ ਵਿਚ ਜ਼ਮੀਨ ਖਿਸਕਣ ਵਿਚ 2 ਬੱਚਿਆਂ ਦੀ ਮੌਤ ਹੋ ਗਈ ਸੀ। ਤੂਫਾਨਾਂ ਨੇ ਇਕਵਾਡੋਰ ਦੇ ਹਾਈਵੇਅ ਅਤੇ ਪੁਲਾਂ 'ਤੇ ਚਿੱਕੜ ਅਤੇ ਹੜ੍ਹ ਦਾ ਪਾਣੀ ਜਮ੍ਹਾ ਹੋ ਗਿਆ ਹੈ, ਜਿਸ ਨਾਲ ਦੇਸ਼ ਨੂੰ ਅਮੇਜ਼ਨ ਦੇ ਸੂਬਿਆਂ ਨਾਲ ਜੋੜਨ ਵਾਲੀਆਂ ਮੁੱਖ ਸੜਕਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ।

## ਸਾਊਥ 'ਚ ਦਿਲਜੀਤ ਦੀ ਬੱਲੇ-ਬੱਲੇ, ਦੋਸਾਂਝਾਂਵਾਲੇ ਵਾਂਗ ਪ੍ਰਭਾਸ ਨੇ ਸਜਾਈ 'ਤੁਰਲੇ ਵਾਲੀ ਪੱਗ'



ਗਲੋਬਲ ਆਈਕਨ ਸਟਾਰ ਦਿਲਜੀਤ ਦੋਸਾਂਝ ਇਨ੍ਹੀਂ ਦਿਨੀਂ ਹਰ ਪਾਸੇ ਛਾਇਆ ਹੋਇਆ ਹੈ। ਹਾਲ ਹੀ 'ਚ ਦਿਲਜੀਤ ਦੋਸਾਂਝ ਨੇ ਆਪਣੇ ਸੋਸ਼ਲ ਮੀਡੀਆ ਇੰਸਟਾਗ੍ਰਾਮ ਅਕਾਊਂਟ 'ਤੇ ਇਕ ਵੀਡੀਓ ਸ਼ੇਅਰ ਕੀਤੀ ਹੈ, ਜਿਸ ਦੀ ਚਰਚਾ ਹਰ ਪਾਸੇ ਹੋ ਰਹੀ ਹੈ।ਦਰਅਸਲ, ਇਸ ਵੀਡੀਓ 'ਚ ਦਿਲਜੀਤ ਦੋਸਾਂਝ ਸਾਊਥ ਦੇ ਸੁਪਰਸਟਾਰ ਪ੍ਰਭਾਸ ਨਾਲ ਨਜ਼ਰ ਆ ਰਹੇ ਹਨ। ਇਸ ਵੀਡੀਓ 'ਚ ਜਿਹੜੀ ਚੀਜ਼ ਨੇ ਸਭ ਤੋਂ ਵੱਧ ਧਿਆਨ ਖਿੱਚਿਆ, ਉਹ ਹੈ ਦਿਲਜੀਤ ਦੋਸਾਂਝ ਤੇ ਪ੍ਰਭਾਸ ਦੀ ਤੁਰਲੇ ਵਾਲੀ ਪੱਗ। ਦੱਸ ਦਈਏ ਕਿ ਵੀਡੀਓ 'ਚ ਦਿਲਜੀਤ ਦੋਸਾਂਝ ਤੇ ਪ੍ਰਭਾਸ ਇਕੋ ਜਿਹੇ ਪਹਿਰਾਵੇ 'ਚ ਨਜ਼ਰ ਆ ਰਹੇ ਹਨ। ਦੋਵਾਂ ਦੀ ਇਸ ਵੀਡੀਓ ਨੂੰ ਫੈਨਜ਼ ਵਲੋਂ ਵੀ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ।ਦੱਸਣਯੋਗ ਹੈ ਕਿ ਦਿਲਜੀਤ ਦੋਸਾਂਝ ਨੇ ਲਗਭਗ 10 ਸਾਲਾਂ ਤਕ ਗਾਇਕੀ ਕਰਨ ਤੋਂ ਬਾਅਦ ਖ਼ੁਦ ਨੂੰ ਅਦਾਕਾਰੀ ’ਚ ਪਰਖਣ ਦਾ ਫ਼ੈਸਲਾ ਕੀਤਾ।ਸਾਲ 2010 ’ਚ ਆਈ ਫ਼ਿਲਮ ‘ਮੇਲ ਕਰਾਦੇ ਰੱਬਾ’ ’ਚ ਛੋਟੀ ਜਿਹੀ ਭੂਮਿਕਾ ਨਿਭਾਉਣ ਤੋਂ ਬਾਅਦ ਦਿਲਜੀਤ ਨੇ ਸਾਲ 2011 ’ਚ ਦੋ ਫ਼ਿਲਮਾਂ ਕੀਤੀਆਂ, ਜਿਨ੍ਹਾਂ ਦੇ ਨਾਂ ਸਨ ‘ਲਾਇਨ ਆਫ ਪੰਜਾਬ’ ਤੇ ‘ਜਿਨ੍ਹੇ ਮੇਰਾ ਦਿਲ ਲੁੱਟਿਆ’ ਪਰ ਦਿਲਜੀਤ ਨੂੰ ਸਭ ਤੋਂ ਵੱਧ ਪ੍ਰਸਿੱਧੀ 2012 ’ਚ ਆਈ ਫ਼ਿਲਮ ‘ਜੱਟ ਐਂਡ ਜੂਲੀਅਟ’ ਨਾਲ ਮਿਲੀ।ਇਸ ਤੋਂ ਬਾਅਦ ਦਿਲਜੀਤ ਦੀ ਫ਼ਿਲਮਾਂ ’ਚ ਗੁੱਡੀ ਇੰਝ ਚੜ੍ਹੀ ਕੇ ਮੁੜ ਕੇ ਦਿਲਜੀਤ ਨੇ ਪਿੱਛੇ ਨਹੀਂ ਦੇਖਿਆ। ਪੰਜਾਬ ਦੀਆਂ ਸਭ ਤੋਂ ਵੱਧ ਕਮਾਈ ਕਰਨ ਵਾਲੀਆਂ ਟੌਪ 10 ਫ਼ਿਲਮਾਂ ’ਚ ਦਿਲਜੀਤ ਦੀਆਂ ਫ਼ਿਲਮਾਂ ਸ਼ਾਮਲ ਹਨ।

## ਵਿਆਹ ਦੇ 12 ਸਾਲ ਪੂਰੇ ਹੋਣ 'ਤੇ ਉਪਾਸਨਾ ਕਮੀਨੇਨੀ ਨੇ ਲਿਖੀ ਦਿਲ ਦੀ ਗੱਲ,



ਅਦਾਕਾਰ ਰਾਮ ਚਰਨ ਅਤੇ ਉਸ ਦੀ ਪਤਨੀ ਉਪਾਸਨਾ ਕਮੀਨੇਨੀ ਮਸ਼ਹੂਰ ਜੋੜਿਆਂ ਵਿੱਚੋਂ ਇੱਕ ਹਨ। ਦੋਵਾਂ ਨੂੰ ਅਕਸਰ ਈਵੈਂਟਸ ਅਤੇ ਪਾਰਟੀਆਂ 'ਚ ਇਕੱਠੇ ਦੇਖਿਆ ਜਾਂਦਾ ਹੈ, ਜਿੱਥੇ ਦੋਵਾਂ ਵਿਚਾਲੇ ਹਮੇਸ਼ਾ ਹੀ ਜ਼ਬਰਦਸਤ ਬੰਧਨ ਦੇਖਣ ਨੂੰ ਮਿਲਦਾ ਹੈ। ਇਸ ਜੋੜੇ ਦੀ ਇੱਕ ਪਿਆਰੀ ਧੀ ਵੀ ਹੈ, ਜਿਸ ਦਾ ਨਾਮ ਕਲਿਨ ਕਾਰਾ ਹੈ। ਦੋਵੇਂ ਅਕਸਰ ਆਪਣੀ ਬੇਟੀ ਨੂੰ ਕਾਫੀ ਪਿਆਰ ਕਰਦੇ ਨਜ਼ਰ ਆਉਂਦੇ ਹਨ। ਅੱਜ ਇਹ ਜੋੜਾ ਆਪਣੇ ਵਿਆਹ ਦੀ 12ਵੀਂ ਵਰ੍ਹੇਗੰਢ ਮਨਾ ਰਿਹਾ ਹੈ। ਇਸ ਲਈ ਇਸ ਮੌਕੇ 'ਤੇ ਉਪਾਸਨਾ ਨੇ ਤਸਵੀਰ ਸਾਂਝੀ ਕੀਤੀ ਅਤੇ ਇਕ ਖਾਸ ਨੋਟ ਵੀ ਲਿਖਿਆ। ਉਸ ਦੀ ਇਹ ਪੋਸਟ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ।

ਉਪਾਸਨਾ ਕਮੀਨੇਨੀ ਨੇ ਆਪਣੀ ਵਰ੍ਹੇਗੰਢ 'ਤੇ ਇੰਸਟਾਗ੍ਰਾਮ 'ਤੇ ਰਾਮ ਚਰਨ ਅਤੇ ਕਲਿਨ ਕਾਰਾ ਨਾਲ ਇਕ ਪਿਆਰੀ ਫੋਟੋ ਸਾਂਝੀ ਕੀਤੀ ਅਤੇ ਲਿਖਿਆ, 'ਇਕੱਠੇ ਰਹਿਣ ਦੇ 12 ਸਾਲ ਪੂਰੇ ਕਰਨ 'ਤੇ ਵਧਾਈਆਂ! ਤੁਹਾਡੇ ਸਾਰਿਆਂ ਦੇ ਪਿਆਰ ਅਤੇ ਇੱਛਾਵਾਂ ਲਈ ਧੰਨਵਾਦ। ਤੁਸੀਂ ਸਾਰਿਆਂ ਨੇ ਸਾਡੀ ਜ਼ਿੰਦਗੀ ਨੂੰ ਸੱਚਮੁੱਚ ਸ਼ਾਨਦਾਰ ਬਣਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਧੰਨਵਾਦ !' ਉਪਾਸਨਾ ਅਤੇ ਰਾਮ ਚਰਨ, ਜੋ ਕਾਲਜ ਦੇ ਦਿਨਾਂ ਤੋਂ ਦੋਸਤ ਸਨ, ਨੇ ਲੰਬੇ ਸਮੇਂ ਤੱਕ ਇੱਕ ਦੂਜੇ ਨੂੰ ਡੇਟ ਕਰਨ ਤੋਂ ਬਾਅਦ ਵਿਆਹ ਕਰਵਾ ਲਿਆ ਅਤੇ 20 ਜੂਨ, 2023 ਨੂੰ ਬੇਟੀ ਕਲਿਨ ਕਾਰਾ ਨੂੰ ਜਨਮ ਦਿੱਤਾ। ਅਦਾਕਾਰ ਦੇ ਕੰਮ ਦੀ ਗੱਲ ਕਰੀਏ ਤਾਂ ਉਸ ਦੀ ਆਉਣ ਵਾਲੀ ਫ਼ਿਲਮ 'ਚ 'ਦੇਵਰਾ' ਹੈ।

## ਗੁਰਮੀਤ ਚੌਧਰੀ ਨੂੰ 'ਕਮਾਂਡਰ ਕਰਣ ਸਕਸੈਨਾ' ਦੇ ਸੈੱਟ 'ਤੇ ਧੀਆਂ ਨੇ ਦਿੱਤਾ ਸਰਪ੍ਰਾਈਜ਼



ਗੁਰਮੀਤ ਚੌਧਰੀ ਦੀ ‘ਕਮਾਂਡਰ ਕਰਣ ਸਕਸੈਨਾ’ ਨੇ ਪ੍ਰਸ਼ੰਸਕਾਂ ’ਚ ਕਾਫੀ ਉਤਸੁਕਤਾ ਪੈਦਾ ਕੀਤੀ ਹੈ। ਆਪਣੀ ਕ੍ਰਿਸ਼ਮਾਈ ਆਨ-ਸਕ੍ਰੀਨ ਮੌਜੂਦਗੀ ਤੇ ਬਹੁਮੁਖੀ ਅਦਾਕਾਰੀ ਲਈ ਜਾਣੇ ਜਾਂਦੇ ‘ਕਮਾਂਡਰ ਕਰਣ ਸਕਸੈਨਾ’ ਦੇ ਰੂਪ ’ਚ ਗੁਰਮੀਤ ਦੀ ਭੂਮਿਕਾ ਇਕ ਰੋਮਾਂਚਕ ਅਨੁਭਵ ਹੋਣ ਦਾ ਵਾਅਦਾ ਕਰਦੀ ਹੈ, ਜਿਸ ਨੂੰ ਡਿਜ਼ਨੀ ਪਲੱਸ ਹੌਟਸਟਾਰ ’ਤੇ ਮੁਫ਼ਤ ਸਟ੍ਰੀਮ ਕੀਤਾ ਜਾਵੇਗਾ। ਹਾਲ ਹੀ ’ਚ ਸੀਰੀਜ਼ ‘ਕਮਾਂਡਰ ਕਰਣ ਸਕਸੈਨਾ’ ਦੀ ਸ਼ੂਟਿੰਗ ਦੌਰਾਨ ਗੁਰਮੀਤ ਚੌਧਰੀ ਲਈ ਇਕ ਖਾਸ ਪਲ ਸੀ ਜਦੋਂ ਉਨ੍ਹਾਂ ਦੀਆਂ ਧੀਆਂ ਪਹਿਲੀ ਵਾਰ ਸੈੱਟ ’ਤੇ ਉਨ੍ਹਾਂ ਨੂੰ ਮਿਲਣ ਆਈਆਂ। ਇਹ ਫਾਦਰਜ਼ ਡੇਅ ਨੇੜੇ ਹੋਇਆ। ਵੀਡੀਓ ਸ਼ੇਅਰ ਕਰਦੇ ਹੋਏ ਅਭਿਨੇਤਾ ਨੇ ਕਿਹਾ, ''ਮੇਰੇ ਨਾਲ ਮੇਰੇ ਬੱਚਿਆਂ ਦਾ ਹੋਣਾ ਮੇਰੀ ਜ਼ਿੰਦਗੀ ਦਾ ਸਭ ਤੋਂ ਖ਼ੂਬਸੂਰਤ ਪੜਾਅ ਰਿਹਾ ਹੈ। ਫਾਦਰਜ਼ ਡੇਅ ’ਤੇ ਮੇਰੀਆਂ ਦੋ ਛੋਟੀਆਂ ਬੇਟੀਆਂ ਲਿਆਨਾ ਤੇ ਦਿਵਿਸ਼ਾ ਨੇ ਮੈਨੂੰ ‘ਕਮਾਂਡਰ ਕਰਣ ਸਕਸੈਨਾ’ ਦੇ ਸੈੱਟ ’ਤੇ ਹੈਰਾਨ ਕਰ ਦਿੱਤਾ। ਗੁਰਮੀਤ ਚੌਧਰੀ ਦੀ ‘ਕਮਾਂਡਰ ਕਰਣ ਸਕਸੈਨਾ’ 8 ਜੁਲਾਈ ਤੋਂ ਸਟ੍ਰੀਮ ਕਰਨ ਲਈ ਤਿਆਰ ਹੈ।''

## ਰਾਮ ਚਰਨ ਨੇ ਧੀ ਕਵਿਨ ਕਾਰਾ ਨਾਲ ਰਿਸ਼ਤੇ ਨੂੰ ਦੱਸਿਆ ਸਭ ਤੋਂ ਸਪੈਸ਼ਲ



ਅਭਿਨੇਤਾ ਰਾਮ ਚਰਨ ਤੇ ਉਪਾਸਨਾ ਕਾਮੀਨੇਨੀ ਕੋਨੀਡੇਲਾ ਨੇ ਜੂਨ 2023 ’ਚ ਆਪਣੀ ਪਹਿਲੀ ਧੀ, ਕਲਿਨ ਕਾਰਾ ਦਾ ਸਵਾਗਤ ਕੀਤਾ ਤੇ ਹੁਣ ਜਦੋਂ ਉਹ ਕੁਝ ਦਿਨਾਂ ’ਚ ਆਪਣਾ ਪਹਿਲਾ ਜਨਮ ਦਿਨ ਮਨਾਉਣ ਵਾਲੀ ਹੈ, ਤਾਂ ਪ੍ਰਾਊਡ ਪਾਪਾ ਰਾਮਚਰਣ ਦਾ ਉਸ ਨਾਲ ਇਕ ਵਿਸ਼ੇਸ਼ ਰਿਸ਼ਤਾ ਬਣ ਚੁੱਕਾ ਹੈ। ਫਾਦਰਜ਼ ਡੇਅ ਦੇ ਖਾਸ ਮੌਕੇ, ਜਦੋਂ ਰਾਮਚਰਣ ਆਪਣਾ ਪਹਿਲਾ ਫਾਦਰਜ਼ ਡੇਅ ਕਿਊਟ ਕਲਿਨ ਦੇ ਨਾਲ ਮਨਾ ਰਹੇ ਹਨ, ਉਨ੍ਹਾਂ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਦੀ ਪੂਰੀ ਦੁਨੀਆ ਆਪਣੀ ਪਿਆਰੀ ਰਾਜਕੁਮਾਰੀ ਦੇ ਦੁਆਲੇ ਘੁੰਮਦੀ ਹੈ। ਉਹ ਦੱਸਦਾ ਹੈ ਕਿ ਪਹਿਲੇ ਛੇ ਮਹੀਨੇ ਮੈਂ ਕੁਝ ਖਾਸ ਮਹਿਸੂਸ ਨਹੀਂ ਕੀਤਾ, ਸਿਰਫ ਜ਼ਿੰਮੇਵਾਰੀ ਦਾ ਅਹਿਸਾਸ ਸੀ ਤੇ ਇਹ ਤੱਥ ਕਿ ਪਰਿਵਾਰ ਵਿਚ ਇਕ ਨਵਾਂ ਮੈਂਬਰ ਸਾਡੇ ਨਾਲ ਜੁੜ ਗਿਆ ਹੈ। ਮੈਂ ਹੈਰਾਨ ਸੀ ਕਿ ਮਾਂ ਤੇ ਬੱਚੇ ਦਾ ਰਿਸ਼ਤਾ ਕਿੰਨਾ ਖਾਸ ਹੁੰਦਾ ਹੈ ਤੇ ਮੈਂ ਇਸ ਤਰ੍ਹਾਂ ਨਾਲ ਖੁਦ ਨੂੰ ਬਿਲਕੁਲ ਵੀ ਜੋੜ ਨਹੀਂ ਸਕਿਆ। ਹੁਣ ਜਦੋਂ ਕਲਿਨ ਲੋਕਾਂ ਨਾਲ ਇੰਟ੍ਰੈਕਟ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਪਛਾਣ ਰਹੀ ਹੈ ਤਾਂ ਜਦੋਂ ਮੈਂ ਘਰ ਨਹੀਂ ਹੁੰਦਾ ਉਹ ਮੈਨੂੰ ਮਿਸ ਕਰਦੀ ਹੈ।

## ਸਲਮਾਨ ਖ਼ਾਨ ਨੂੰ ਧਮਕੀ ਦੇਣ ਦੇ ਮਾਮਲੇ 'ਚ FIR ਦਰਜ




ਬਾਲੀਵੁੱਡ ਸੁਪਰਸਟਾਰ ਸਲਮਾਨ ਖ਼ਾਨ ਦੇ ਘਰ ਗੋਲੀਬਾਰੀ ਮਾਮਲੇ 'ਚ ਨਵਾਂ ਅਪਡੇਟ ਸਾਹਮਣੇ ਆ ਰਿਹਾ ਹੈ। ਅਦਾਕਾਰ ਖਿਲਾਫ ਉਸ ਦੀ ਮੌਤ ਦੀ ਸਾਜਿਸ਼ ਰਚਣ ਦੇ ਦੋਸ਼ 'ਚ ਮੁੰਬਈ ਸਾਊਥ ਸਾਈਬਰ ਪੁਲਸ ਸਟੇਸ਼ਨ 'ਚ FIR ਦਰਜ਼ ਕਰ ਲਈ ਗਈ ਹੈ।ਕੁਝ ਦਿਨ ਪਹਿਲਾਂ, ਕਥਿਤ ਤੌਰ 'ਤੇ ਲਾਰੈਂਸ ਬਿਸ਼ਨੋਈ ਗੈਂਗ ਦੇ ਇੱਕ ਵਿਅਕਤੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਯੂਟਿਊਬ 'ਤੇ ਇੱਕ ਵੀਡੀਓ ਅਪਲੋਡ ਕੀਤਾ ਸੀ। ਦੋਸ਼ ਹੈ ਕਿ ਕਥਿਤ ਵੀਡੀਓ 'ਚ ਸਲਮਾਨ ਖਾਨ ਨੂੰ ਮਾਰਨ ਦੀ ਗੱਲ ਕੀਤੀ ਗਈ ਸੀ। ਅਪਰਾਧ ਸ਼ਾਖਾ ਦੇ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਬਨਵਾਰੀਲਾਲ ਗੁੱਜਰ ਵਾਸੀ ਬੂੰਦੀ, ਰਾਜਸਥਾਨ ਵਜੋਂ ਹੋਈ ਹੈ। ਦੋਸ਼ੀ ਨੇ ਵੀਡੀਓ ਜਾਰੀ ਕਰਕੇ ਕਿਹਾ ਸੀ ਕਿ ਉਹ ਸਲਮਾਨ ਖ਼ਾਨ ਨੂੰ ਮਾਰਨ ਜਾ ਰਿਹਾ ਹੈ।ਮਾਮਲੇ ਦੀ ਜਾਣਕਾਰੀ ਦਿੰਦਿਆਂ ਪੁਲਸ ਅਧਿਕਾਰੀ ਨੇ ਦੱਸਿਆ ਕਿ 27 ਸਾਲਾ ਬਨਵਾਰੀਲਾਲ ਗੁੱਜਰ ਨੇ ਕਥਿਤ ਤੌਰ 'ਤੇ ਆਪਣੇ ਯੂ-ਟਿਊਬ ਚੈਨਲ 'ਤੇ ਇੱਕ ਵੀਡੀਓ ਅਪਲੋਡ ਕੀਤਾ ਸੀ, ਜਿਸ 'ਚ ਉਸ ਨੇ ਕਿਹਾ ਸੀ, 'ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਹੋਰ ਗੈਂਗ ਮੈਂਬਰ ਮੇਰੇ ਨਾਲ ਹਨ । ਸਲਮਾਨ ਖ਼ਾਨ ਨੂੰ ਮਾਰਨ ਜਾ ਰਹੇ ਹਨ ਕਿਉਂਕਿ ਉਸ ਨੇ ਅਜੇ ਤੱਕ ਮੁਆਫੀ ਨਹੀਂ ਮੰਗੀ ਹੈ। ਮੁਲਜ਼ਮ ਨੇ ਰਾਜਸਥਾਨ ਦੇ ਇੱਕ ਹਾਈਵੇਅ 'ਤੇ ਵੀਡੀਓ ਬਣਾ ਕੇ ਆਪਣੇ ਚੈਨਲ 'ਤੇ ਅਪਲੋਡ ਕਰ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਜਾਂਚ ਲਈ ਇਕ ਟੀਮ ਰਾਜਸਥਾਨ ਭੇਜੀ ਗਈ ਅਤੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ।

## ਚੋਪਾਲ 'ਤੇ 26 ਜੂਨ ਨੂੰ ਰਿਲੀਜ਼ ਹੋਵੇਗੀ ਲਘੂ ਫ਼ਿਲਮ 'ਨੂਰੀ ਰਿਟਰਨਸ'




ਨੂਰੀ ਫ਼ਿਲਮ ਦੀ ਅਪਾਰ ਸਫ਼ਲਤਾ ਤੋਂ ਬਾਅਦ ਨਿਰਮਾਤਾ ਪਰਮਜੀਤ ਖਨੇਜਾ ਨੇ ਆਪਣੀ ਅਗਲੀ ਫ਼ਿਲਮ ਦੀ ਅਨਾਊਸਮੈਂਟ ਕਰ ਦਿੱਤੀ ਹੈ। 'ਨੂਰੀ ਰਿਟਰਨਸ' ਦੇ ਟਾਈਟਲ ਹੇਠ ਬਣ ਰਹੀ ਦੀ ਸ਼ੂਟਿੰਗ ਵੀ ਖ਼ਤਮ ਹੋ ਚੁੱਕੀ ਅਤੇ ਬਹੁਤ ਜਲਦ ਇਹ ਫ਼ਿਲਮ ਦਰਸ਼ਕਾਂ ਦਾ ਮਨੋਰੰਜਨ ਕਰਨ ਆ ਰਹੀ ਹੈ। ਬੀਤੇ ਦਿਨੀਂ ਫ਼ਿਲਮ ਦਾ ਟਰੇਲਰ ਰਿਲੀਜ਼ ਹੋਇਆ ਹੈ, ਜਿਸ ਨੂੰ ਦਰਸ਼ਕਾਂ ਵਲੋਂ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਫ਼ਿਲਮ ਦੇ ਟਰੇਲਰ 'ਚ ਸਟਾਰ ਕਾਸਟ ਵਲੋਂ ਕੀਤੀ ਗਈ ਮਿਹਨਤ ਸਾਫ਼ ਨਜ਼ਰ ਆ ਰਹੀ ਹੈ। ਲੋਕਾਂ ਵਲੋਂ ਫ਼ਿਲਮ ਦੇ ਟਰੇਲਰ ਨੂੰ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਫ਼ਿਲਮ ਯੂਟਿਊਬ ਚੈਨਲ 'ਅਰਹਾ ਪ੍ਰੋਡਕਸ਼ਨ' 'ਤੇ ਰਿਲੀਜ਼ ਹੋਵੇਗੀ। ਇਸ ਫ਼ਿਲਮ ਨੂੰ ਖੁਸ਼ਬੂ ਸ਼ਰਮਾ ਨੇ ਡਾਇਰੈਕਟ ਕੀਤਾ ਹੈ, ਜਿਸ ਦੇ ਸਕ੍ਰੀਨਪਲੇਅ ਤੇ ਡਾਈਲਾਗਸ ਵੀ ਉਸ ਨੇ ਖ਼ੁਦ ਲਿਖੇ ਹਨ। ਫ਼ਿਲਮ ਦੀ ਕਹਾਣੀ ਅਮਰਜੀਤ ਕੇ ਖਨੇਜਾ ਨੇ ਲਿਖੀ ਹੈ। ਪਰਮਜੀਤ ਖਨੇਜਾ, ਸੀਮਾ ਕੌਸ਼ਲ, ਰਾਜ ਧਾਲੀਵਾਲ, ਸਿਮਰਨ ਜੁਨੇਜਾ, ਸੰਜੂ ਸੋਲੰਕੀ, ਨਗਿੰਦਰ ਗਾਖਰ ਤੇ ਸਾਜਨ ਕਪੂਰ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹੈ। ਚੋਪਾਲ 'ਤੇ ਇਹ ਫ਼ਿਲਮ 26 ਜੂਨ ਨੂੰ ਰਿਲੀਜ਼ ਹੋ ਰਹੀ ਹੈ, ਜਿਸ ਦਾ ਆਨੰਦ ਤੁਸੀਂ ਮਾਣ ਸਕਦੇ ਹੋ।

## ਅਨਮੋਲ ਗਗਨ ਮਾਨ ਦੇ ਵਿਆਹ 'ਚ ਪਹੁੰਚੇ



ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਅਨਮੋਲ ਗਗਨ ਮਾਨ ਅੱਜ ਸ਼ਹਿਬਾਜ਼ ਸੋਹੀ ਨਾਲ ਵਿਆਹ ਦੇ ਬੰਧਨ ਵਿਚ ਬੱਝ ਚੁੱਕੇ ਹਨ। ਅਮਨੋਲ ਗਗਨ ਮਾਨ ਨੇ ਜ਼ੀਰਕਪੁਰ ਵਿਖੇ ਗੁਰਦੁਆਰਾ ਨਾਭਾ ਸਾਹਿਬ ਵਿਚ ਸ਼ਹਿਬਾਜ਼ ਨਾਲ ਲਾਵਾਂ ਲਈਆਂ। ਉਨ੍ਹਾਂ ਦੇ ਵਿਆਹ ਸਮਾਰੋਹ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸ਼ਿਰਕਤ ਕਰਕੇ ਨਵੇਂ ਵਿਆਹੇ ਜੋੜੇ ਨੂੰ ਵਧਾਈ ਦਿੱਤੀ। ਆਨੰਦ ਕਾਰਜ ਮਗਰੋਂ ਅਨਮੋਲ ਗਗਨ ਮਾਨ ਦੇ ਵਿਆਹ ਦੀ ਪਾਰਟੀ ਜ਼ੀਰਕਪੁਰ ਦੇ ਹੀ AKM ਮੈਰਿਜ ਪੈਲੇਸ ਵਿਚ ਰੱਖੀ ਗਈ।ਇਸ ਦੌਰਾਨ ਮਾਈਕ ਫੜ ਕੇ ਖ਼ਾਸ ਅੰਦਾਜ਼ ਵਿਚ ਵਧਾਈ ਦਿੰਦੇ ਹੋਏ ਭਗਵੰਤ ਮਾਨ ਨੇ ਕਿਹਾ ਕਿ ਅੱਜ ਸਾਡੇ ਮਨਿਸਟਰ ਸਾਹਿਬਾ ਅਨਮੋਲ ਗਗਨ ਮਾਨ ਗ੍ਰਿਹਸਥੀ ਜੀਵਨ ਵਿਚ ਪਹਿਲੀ ਪੌੜੀ ਵਿਚ ਕਦਮ ਰੱਖਣ ਲੱਗੇ ਹਨ, ਸੋਹੀ ਪਰਿਵਾਰ ਅਤੇ ਮਾਨ ਪਰਿਵਾਰ ਨੂੰ ਬਹੁਤ-ਬਹੁਤ ਵਧਾਈਆਂ। ਪਰਮਾਤਮਾ ਸਾਰੀ ਦੁਨੀਆ ਦੀਆਂ ਖ਼ੁਸ਼ੀਆਂ ਨਵੀਂ ਵਿਆਹੀ ਜੋੜੀ ਦੀ ਝੋਲੀ ਵਿਚ ਪਾਵੇ। ਅਨਮੋਲ ਗਗਨ ਮਾਨ ਦੇ ਵਿਆਹ ਬੇਹੱਦ ਖ਼ਾਸ ਵੀਡੀਓ ਵੀ ਸਾਹਮਣੇ ਵੀ ਆਈ ਹੈ, ਜਿਸ ਵਿਚ ਵਿਆਹ ਵਾਲੇ ਜੋੜੇ ਵਿਚ ਅਨਮੋਲ ਗਗਨ ਮਾਨ ਬੇਹੱਦ ਖ਼ੂਬਸੂਰਤ ਨਜ਼ਰ ਆ ਰਹੀ ਹੈ। ਨਵੇਂ ਵਿਆਹੇ ਜੋੜੇ ਦੇ ਵਿਆਹ ਦੀ ਪਾਰਟੀ ਜ਼ੀਰਕਪੁਰ ਸਥਿਤ ਮੈਰਿਜ ਪੈਲਸ ‘ਚ ਰੱਖੀ ਗਈ, ਜਿਸ ਵਿਚ ਮੁੱਖ ਮੰਤਰੀ ਭਗਵੰਤ ਮਾਨ, ਸਤਿੰਦਰ ਸੱਤੀ, ਚੇਤਨ ਸਿੰਘ ਜੋੜਾਮਾਜਰਾ ਸਣੇ ਹੋਰ ਕਈ ਹਸਤੀਆਂ ਨੇ ਸ਼ਿਰਕਤ ਕੀਤੀ ਅਤੇ ਨਵੇਂ ਵਿਆਹੇ ਜੋੜੇ ਨੂੰ ਵਧਾਈਆਂ ਦਿੱਤੀਆਂ। ਕੈਬਨਿਟ ਮੰਤਰੀ ਦੇ ਲਾੜੇ ਸ਼ਹਿਬਾਜ਼ ਵੀ ਆਪਣੀ ਜੀ ਵੈਗਨ ਗੱਡੀ 'ਚ ਪਰਿਵਾਰ ਨਾਲ ਬਾਰਾਤ ਲੈ ਕੇ ਪਹੁੰਚ ਚੁੱਕੇ ਸਨ, ਜਿਸ ਦੀਆਂ ਤਸਵੀਰਾਂ ਅਤੇ ਵੀਡੀਓ ਵੀ ਸਾਹਮਣੇ ਆਈਆਂ ਹਨ।

# ਭਾਰਤ ਵਿੱਚ ਚੋਟੀ ਦੇ ਸ਼ਿਵ ਮੰਦਰ ਜੋ ਹਰ ਸ਼ਿਵ ਭਗਤ ਨੂੰ ਜਾਣਾ ਚਾਹੀਦਾ ਹੈ

ਭਗਵਾਨ ਸ਼ਿਵ ਦੀ ਮਹਿਮਾ ਵਿਆਪਕ ਹੈ ਕਿਉਂਕਿ ਉਹ ਆਪਣੇ ਸ਼ਰਧਾਲੂਆਂ ਨੂੰ ਖੁਸ਼ਹਾਲ ਅਤੇ ਅਨੰਦਮਈ ਵਿਆਹੁਤਾ ਜੀਵਨ ਦਾ ਆਸ਼ੀਰਵਾਦ ਦੇਣ ਲਈ ਜਾਣਿਆ ਜਾਂਦਾ ਹੈ ਅਤੇ ਉਸਦੇ ਉਪਾਸਕ ਉਸਨੂੰ ਖੁੱਲ੍ਹੇ ਦਿਲ ਨਾਲ ਵਰਦਾਨਾਂ ਲਈ ਪੂਜਾ ਕਰਦੇ ਹਨ। ਭਗਵਾਨ ਸ਼ਿਵ ਹਿੰਦੂਆਂ ਦੇ ਧਾਰਮਿਕ ਵਿਸ਼ਵਾਸਾਂ ਦੇ ਅਨੁਸਾਰ ਪਰਮ ਸ਼ਕਤੀ ਹਨ, ਜਿਨ੍ਹਾਂ ਨੇ ਭਾਰਤੀ ਸੰਸਕ੍ਰਿਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮਿਥਿਹਾਸ ਵਿੱਚ, ਉਹ ਇੱਕ ਸ਼ਾਂਤਮਈ ਹਸਤੀ ਦੇ ਨਾਲ-ਨਾਲ ਇੱਕ ਕਰੜੇ ਦੇਵਤੇ ਵਾਂਗ ਆਪਣੀ ਵਿਪਰੀਤ ਸ਼ਖਸੀਅਤ ਲਈ ਰਿਹਾ ਹੈ। ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ, ਭਗਵਾਨ ਸ਼ਿਵ ਦੀ ਵੱਖ-ਵੱਖ ਰੂਪਾਂ ਵਿੱਚ ਪੂਜਾ ਕੀਤੀ ਜਾਂਦੀ ਹੈ। ਇਹ ਕਾਰਨ ਹੈ; ਭਾਰਤ ਵਿੱਚ ਭਗਵਾਨ ਸ਼ਿਵ ਦੇ ਕਈ ਮੰਦਰ ਹਨ।


ਮਹਾਸ਼ਿਵਰਾਤਰੀ ਦਾ ਤਿਉਹਾਰ ਭਗਵਾਨ ਸ਼ਿਵ ਦਾ ਦੇਵੀ ਪਾਰਵਤੀ ਨਾਲ ਵਿਆਹ ਦਾ ਦਿਨ ਮਨਾਉਂਦਾ ਹੈ। ਇਸ ਦਿਨ, ਇੱਕ ਵਿਸ਼ਾਲ ਸਮਾਰੋਹ ਆਯੋਜਿਤ ਕੀਤਾ ਜਾਂਦਾ ਹੈ ਅਤੇ ਸ਼ਿਵਲਿੰਗਮ ਦੀ ਪੂਜਾ ਕੀਤੀ ਜਾਂਦੀ ਹੈ। ਲੋਕ ਆਮ ਤੌਰ 'ਤੇ ਇਸ ਵਿਸ਼ੇਸ਼ ਪੂਰਵ ਸੰਧਿਆ 'ਤੇ ਵਰਤ ਰੱਖਦੇ ਹਨ। ਇਸ ਵਿਸ਼ੇਸ਼ ਮੌਕੇ ਨੂੰ ਸ਼ਾਨਦਾਰ ਪੱਧਰ 'ਤੇ ਮਨਾਉਣ ਲਈ ਭਾਰਤ ਵਿੱਚ ਬਹੁਤ ਸਾਰੇ ਸ਼ਿਵ ਮੰਦਰ ਮੌਜੂਦ ਹਨ



ਭਗਵਾਨ ਸ਼ਿਵ ਨੂੰ ਸਮਰਪਿਤ, ਬ੍ਰਿਹਦੀਸਵਰਾ ਮੰਦਿਰ ਤੰਜਾਵੂਰ ਦੇ ਸਭ ਤੋਂ ਵੱਧ ਮਾਨਤਾ ਪ੍ਰਾਪਤ ਹਿੰਦੂ ਮੰਦਰਾਂ ਵਿੱਚੋਂ ਇੱਕ ਹੈ। ਇਹ ਪੂਰੀ ਤਰ੍ਹਾਂ ਮਾਨਤਾ ਪ੍ਰਾਪਤ ਦ੍ਰਾਵਿੜ ਆਰਕੀਟੈਕਚਰ ਦਾ ਇੱਕ ਸ਼ਾਨਦਾਰ ਉਦਾਹਰਣ ਹੈ। ਮੰਦਰ ਵਿੱਚ ਇੱਕ ਵਿਸ਼ਾਲ ਕਾਲੋਨੇਡਡ ਕੋਰੀਡੋਰ ਅਤੇ ਭਾਰਤ ਵਿੱਚ ਸਭ ਤੋਂ ਵੱਡੇ ਸ਼ਿਵ ਲਿੰਗਾਂ ਵਿੱਚੋਂ ਇੱਕ ਹੈ। ਆਪਣੀ ਮੂਰਤੀ ਦੀ ਉੱਤਮਤਾ ਲਈ ਜਾਣੇ ਜਾਂਦੇ - ਪਿੱਤਲ ਦੇ ਨਟਰਾਜ, ਸ਼ਿਵ ਮੰਦਰ ਵਿੱਚ ਨੰਦੀ, ਦੇਵੀ ਪਾਰਵਤੀ, ਭਗਵਾਨ ਕਾਰਤੀਕੇਯ, ਭਗਵਾਨ ਗਣੇਸ਼, ਸਭਾਪਤੀ, ਦਕਸ਼ੀਨਮੂਰਤੀ, ਚੰਦੇਸ਼ਵਰ, ਵਾਰਾਹੀ ਅਤੇ ਹੋਰਾਂ ਦੇ ਮੰਦਰ ਵੀ ਸ਼ਾਮਲ ਹਨ। ਇਹ ਦੱਖਣੀ ਭਾਰਤ ਦੇ ਪ੍ਰਸਿੱਧ ਸ਼ਿਵ ਮੰਦਰਾਂ ਵਿੱਚੋਂ ਇੱਕ ਨਹੀਂ ਹੈ, ਸਗੋਂ ਤਾਮਿਲਨਾਡੂ ਵਿੱਚ ਸਭ ਤੋਂ ਵੱਧ ਵੇਖੇ ਜਾਣ ਵਾਲੇ ਸੈਲਾਨੀ ਆਕਰਸ਼ਣਾਂ ਵਿੱਚੋਂ ਇੱਕ ਹੈ।



ਸਹਿਆਦਰੀ ਪਹਾੜੀਆਂ ਦੇ ਘਾਟ ਖੇਤਰ ਵਿੱਚ ਸ਼ਿਵਾਜੀ ਨਗਰ ਤੋਂ 127 ਕਿਲੋਮੀਟਰ ਦੂਰ ਸਥਿਤ, ਭੀਮਾਸ਼ੰਕਰ ਮੰਦਰ ਭਗਵਾਨ ਸ਼ਿਵ ਦੇ ਸਭ ਤੋਂ ਪ੍ਰਸਿੱਧ ਮੰਦਰਾਂ ਵਿੱਚੋਂ ਇੱਕ ਹੈ ਅਤੇ ਇੱਕ ਜਯੋਤਿਰਲਿੰਗ ਤੀਰਥ ਸਥਾਨ ਵੀ ਹੈ। ਇਹ ਮੰਦਰ ਨਾਗਾਰਾ ਸ਼ੈਲੀ ਦੀ ਆਰਕੀਟੈਕਚਰ ਵਿੱਚ ਪੁਰਾਣੀ ਅਤੇ ਨਵੀਂ ਬਣਤਰ ਦਾ ਸੰਪੂਰਨ ਮਿਸ਼ਰਣ ਹੈ। ਇਹ ਵਿਸ਼ਵਕਰਮਾ ਮੂਰਤੀਕਾਰਾਂ ਦੁਆਰਾ ਪ੍ਰਾਪਤ ਕੀਤੇ ਹੁਨਰਾਂ ਦੀ ਉੱਤਮਤਾ ਨੂੰ ਦਰਸਾਉਂਦਾ ਹੈ। ਸ਼ਾਨਦਾਰ ਮੰਦਰ 13ਵੀਂ ਸਦੀ ਦਾ ਹੈ ਪਰ ਇਸ ਦਾ ਸਭਾ ਮੰਡਪ 18ਵੀਂ ਸਦੀ ਵਿੱਚ ਨਾਨਾ ਫੜਨਵੀਸ ਦੁਆਰਾ ਬਣਾਇਆ ਗਿਆ ਸੀ। ਇਹ ਸ਼ਹਿਰ ਦੇ ਲਾਜ਼ਮੀ ਆਕਰਸ਼ਣਾਂ ਵਿੱਚੋਂ ਇੱਕ ਹੈ



ਬ੍ਰਹਮਗਿਰੀ, ਨੀਲਾਗਿਰੀ ਅਤੇ ਕਾਲਾਗਿਰੀ ਨਾਮਕ ਤਿੰਨ ਪਹਾੜੀਆਂ ਦੇ ਵਿਚਕਾਰ ਸਥਿਤ, ਤ੍ਰਿੰਬਕੇਸ਼ਵਰ ਸ਼ਿਵ ਮੰਦਰ ਭਗਵਾਨ ਸ਼ਿਵ ਨੂੰ ਸਮਰਪਿਤ ਇੱਕ ਹਿੰਦੂ ਮੰਦਰ ਹੈ। ਮੰਦਰ ਵਿੱਚ ਤਿੰਨ ਲਿੰਗਮ ਹਨ ਜੋ ਸ਼ਿਵ, ਵਿਸ਼ਨੂੰ ਅਤੇ ਬ੍ਰਹਮਾ ਨੂੰ ਦਰਸਾਉਂਦੇ ਹਨ। ਅਜੋਕੇ ਮੰਦਿਰ ਦਾ ਨਿਰਮਾਣ ਪੇਸ਼ਵਾ ਬਾਲਾਜੀ ਬਾਜੀ ਰਾਓ ਨੇ ਕਰਵਾਇਆ ਸੀ। ਇਸ ਵਿੱਚ ਅੰਮ੍ਰਿਤਵਰਸ਼ਿਨੀ ਨਾਮਕ ਇੱਕ ਪਵਿੱਤਰ ਤਲਾਬ ਹੈ। ਇਸ ਮੰਦਿਰ ਵਿੱਚ ਹੋਰ ਵੀ ਜਲਘਰ ਹਨ। ਸ਼ਿਵ ਮੰਦਿਰ ਦੇ ਦਰਸ਼ਨਾਂ ਲਈ ਰੋਜ਼ਾਨਾ ਬਹੁਤ ਸਾਰੇ ਸ਼ਰਧਾਲੂ ਆਉਂਦੇ ਹਨ।



ਭਗਵਾਨ ਸ਼ਿਵ ਨੂੰ ਸਮਰਪਿਤ, ਮਹਾਕਾਲੇਸ਼ਵਰ ਜਯੋਤਿਰਲਿੰਗ ਇੱਕ ਹਿੰਦੂ ਸ਼ਿਵ ਮੰਦਰ ਹੈ ਅਤੇ ਬਾਰਾਂ ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਇਸ ਨੂੰ ਭਗਵਾਨ ਸ਼ਿਵ ਦੇ ਸਭ ਤੋਂ ਪਵਿੱਤਰ ਸਥਾਨਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ। ਭਾਰਤ ਦੇ ਮੱਧ ਪ੍ਰਦੇਸ਼ ਰਾਜ ਦੇ ਪ੍ਰਾਚੀਨ ਸ਼ਹਿਰ ਉਜੈਨ ਵਿੱਚ ਸਥਿਤ, ਇਹ ਮੰਦਰ ਰੁਦਰ ਸਾਗਰ ਝੀਲ ਦੇ ਕਿਨਾਰੇ ਬਣਿਆ ਹੋਇਆ ਹੈ। ਭਗਵਾਨ ਸ਼ਿਵ ਇਸ ਮੰਦਰ ਦੇ ਮੁੱਖ ਦੇਵਤੇ ਹਨ, ਜੋ ਇੱਥੇ ਲਿੰਗਮ ਦੇ ਰੂਪ ਵਿੱਚ ਮੌਜੂਦ ਹਨ ਅਤੇ ਆਪਣੇ ਅੰਦਰ ਸ਼ਕਤੀ ਦੀਆਂ ਧਾਰਾਵਾਂ ਨੂੰ ਪ੍ਰਾਪਤ ਕਰਨ ਵਿੱਚ ਵਿਸ਼ਵਾਸ ਕਰਦੇ ਹਨ।




ਓਮਕਾਰੇਸ਼ਵਰ ਭਾਰਤ ਦਾ ਇੱਕ ਹੋਰ ਮਸ਼ਹੂਰ ਸ਼ਿਵ ਮੰਦਰ ਹੈ। ਨਰਮਦਾ ਨਦੀ ਵਿੱਚ ਸ਼ਿਵਪੁਰੀ ਨਾਮ ਦੇ ਇੱਕ ਟਾਪੂ ਉੱਤੇ ਸਥਿਤ, ਇਹ ਸ਼ਿਵ ਦੇ 12 ਪੂਜਨੀਕ ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਇੱਥੇ ਭਗਵਾਨ ਸ਼ਿਵ ਦੇ ਦੋ ਮੰਦਰ ਹਨ - ਇੱਕ ਟਾਪੂ ਵਿੱਚ ਸਥਿਤ ਓਮਕਾਰੇਸ਼ਵਰ ਦਾ ਅਤੇ ਇੱਕ ਅਮਰੇਸ਼ਵਰ ਮੁੱਖ ਭੂਮੀ 'ਤੇ ਨਰਮਦਾ ਨਦੀ ਦੇ ਦੱਖਣੀ ਕੰਢੇ 'ਤੇ ਸਥਿਤ ਹੈ। ਜਲਘਰਾਂ ਦੇ ਨੇੜੇ ਸਥਿਤ ਹੋਣ ਕਾਰਨ, ਮੰਦਰ ਇੱਕ ਸ਼ਾਨਦਾਰ ਦ੍ਰਿਸ਼ ਬਣਾਉਂਦਾ ਹੈ। ਮੰਦਰ ਆਪਣੇ ਸੈਲਾਨੀਆਂ ਲਈ ਭੋਜਨ, ਪਾਰਕਿੰਗ, ਠਹਿਰਨ ਅਤੇ ਮੈਡੀਕਲ ਸਮੇਤ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕਰਦਾ ਹੈ।



ਭਾਰਤ ਦੇ ਉੱਤਰਾਖੰਡ ਰਾਜ ਵਿੱਚ, ਕੇਦਾਰਨਾਥ ਇੱਕ ਪ੍ਰਸਿੱਧ ਸ਼ਿਵ ਮੰਦਰ ਹੈ ਜੋ 'ਚਾਰਧਾਮ ਯਾਤਰਾ' ਦੇ ਮੁੱਖ ਸਥਾਨਾਂ ਵਿੱਚੋਂ ਇੱਕ ਹੈ। ਮੰਦਾਕਿਨੀ ਨਦੀ ਦੇ ਨੇੜੇ ਗੜ੍ਹਵਾਲ ਹਿਮਾਲੀਅਨ ਰੇਂਜ 'ਤੇ ਸਥਿਤ, ਇਹ ਹਿੰਦੂਆਂ ਵਿੱਚ ਦੁਨੀਆ ਭਰ ਵਿੱਚ ਇੱਕ ਬਹੁਤ ਹੀ ਸਤਿਕਾਰਤ ਸ਼ਿਵ ਮੰਦਰ ਹੈ। ਇਹ ਮੰਦਰ ਲਗਭਗ 3583 ਮੀਟਰ ਦੀ ਉਚਾਈ 'ਤੇ ਸਥਿਤ ਹੈ ਅਤੇ ਇੱਥੇ ਸਰਦੀਆਂ ਵਿੱਚ ਬਹੁਤ ਬਰਫ਼ਬਾਰੀ ਹੁੰਦੀ ਹੈ। ਮਹਾਸ਼ਿਵਰਾਤਰੀ ਦੇ ਸ਼ੁਭ ਤਿਉਹਾਰ 'ਤੇ, ਇੱਕ ਸ਼ਾਨਦਾਰ ਜਸ਼ਨ ਹੁੰਦਾ ਹੈ.





ਵੈਦਯਨਾਥ ਦਾ ਸ਼ਾਬਦਿਕ ਅਰਥ ਡਾਕਟਰ ਹੈ। ਕਥਾਵਾਂ ਦੇ ਅਨੁਸਾਰ, ਸ਼ਿਵ ਨੇ ਰਾਵਣ ਦੇ ਕੱਟੇ ਹੋਏ ਸਿਰਾਂ ਦਾ ਇੱਕ ਡਾਕਟਰ ਵਾਂਗ ਇਲਾਜ ਕੀਤਾ ਸੀ ਜੋ ਉਸਨੇ ਭਗਵਾਨ ਸ਼ਿਵ ਨੂੰ ਖੁਸ਼ ਕਰਨ ਲਈ ਕੱਟ ਦਿੱਤਾ ਸੀ। ਬੈਦਿਆਨਾਥ ਧਾਮ ਭਾਰਤ ਦੇ ਜਯੋਤਿਰਲਿੰਗਾਂ ਵਿੱਚੋਂ ਇੱਕ ਹੈ, ਜੋ ਭਾਰਤ ਦੇ ਝਾਰਖੰਡ ਰਾਜ ਵਿੱਚ ਸਥਿਤ ਹੈ। ਇਹ ਭਾਰਤ ਦੇ ਸਭ ਤੋਂ ਪ੍ਰਸਿੱਧ ਸ਼ਿਵ ਮੰਦਰਾਂ ਵਿੱਚੋਂ ਇੱਕ ਹੈ। ਮੰਦਰਾਂ ਦੇ ਕੰਪਲੈਕਸ ਵਿੱਚ ਵੱਖ-ਵੱਖ ਦੇਵਤਿਆਂ ਨੂੰ ਸਮਰਪਿਤ ਵੱਖ-ਵੱਖ ਉਚਾਈਆਂ ਵਾਲੇ 22 ਮੰਦਰ ਹਨ। ਇਸ ਮੰਦਰ ਵਿੱਚ ਵੱਖ-ਵੱਖ ਪੁਰਾਤਨ ਤੱਤ ਦੇਖੇ ਜਾ ਸਕਦੇ ਹਨ। ਮਹਾਸ਼ਿਵਰਾਤਰੀ ਦਾ ਸ਼ੁਭ ਅਵਸਰ ਇੱਥੇ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ।




ਵਡਕੁੰਨਨਾਥਨ ਮੰਦਿਰ ਦੱਖਣੀ ਭਾਰਤ ਦਾ ਇੱਕ ਬਹੁਤ ਮਸ਼ਹੂਰ ਸ਼ਿਵ ਮੰਦਰ ਹੈ, ਜੋ ਕੇਰਲ ਰਾਜ ਵਿੱਚ ਸਥਿਤ ਹੈ। ਭਗਵਾਨ ਸ਼ਿਵ ਨੂੰ ਇੱਥੇ ਵਡਕੁੰਨਨਾਥਨ ਵਜੋਂ ਮਾਨਤਾ ਦਿੱਤੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਵਡਕੁੰਨਨਾਥਨ ਮੰਦਰ ਭਗਵਾਨ ਪਰਸ਼ੂਰਾਮ ਦੁਆਰਾ ਬਣਾਇਆ ਗਿਆ ਪਹਿਲਾ ਮੰਦਰ ਹੈ। ਇੱਥੇ ਦੇਵਤਾ ਦੀ ਪੂਜਾ ਵਿੱਚ ਘਿਓ ਦੀ ਵੱਡੀ ਮਾਤਰਾ ਚੜ੍ਹਾਈ ਜਾਂਦੀ ਹੈ। ਸ਼ਰਧਾਲੂਆਂ ਨੂੰ ਘਰ ਵਾਪਸ ਲਿਜਾਣ ਲਈ ਪ੍ਰਸ਼ਾਦ ਵਜੋਂ ਘਿਓ ਦਿੱਤਾ ਜਾਂਦਾ ਹੈ। ਮਹਾਂ ਸ਼ਿਵਰਾਤਰੀ ਮੰਦਰ ਦਾ ਪ੍ਰਮੁੱਖ ਤਿਉਹਾਰ ਹੈ, ਜਿੱਥੇ ਕਈ ਸੱਭਿਆਚਾਰਕ ਅਤੇ ਸੰਗੀਤਕ ਪ੍ਰੋਗਰਾਮ ਮਨਾਏ ਜਾਂਦੇ ਹਨ। ਇਸ ਤਿਉਹਾਰ 'ਤੇ ਇਕ ਲੱਖ ਤੋਂ ਵੱਧ ਮੰਦਰਾਂ ਦੇ ਦੀਵੇ ਜਗਾਏ ਜਾਂਦੇ ਹਨ।



ਸੋਮਨਾਥ ਦਾ ਇਤਿਹਾਸਕ ਮੰਦਰ ਭਾਰਤ ਦੇ 12 ਜਯੋਤਿਰਲਿੰਗ ਮੰਦਰਾਂ ਵਿੱਚੋਂ ਇੱਕ ਹੈ। ਭਗਵਾਨ ਸ਼ਿਵ ਨੂੰ ਸਮਰਪਿਤ, ਮੰਦਰ ਸ਼ਰਧਾਲੂਆਂ ਵਿੱਚ ਬਹੁਤ ਪ੍ਰਸ਼ੰਸਾਯੋਗ ਹੈ। ਅੰਤਰਰਾਸ਼ਟਰੀ ਹਮਲਾਵਰਾਂ ਦੁਆਰਾ ਮੰਦਰ 'ਤੇ ਕਈ ਵਾਰ ਹਮਲਾ ਕੀਤਾ ਗਿਆ ਹੈ ਅਤੇ ਲੁੱਟਿਆ ਗਿਆ ਹੈ। ਸੋਮਨਾਥ ਦਾ ਮੌਜੂਦਾ ਮੰਦਿਰ ਸਾਲ 1947 ਵਿੱਚ ਬਣਾਇਆ ਗਿਆ ਸੀ, ਜਿਸ ਵਿੱਚ ਸਮੁੰਦਰੀ ਕਿਨਾਰੇ ਦੇ ਨੇੜੇ ਸਥਿਤ ਆਰਕੀਟੈਕਚਰ ਦੀ ਇੱਕ ਚਲੁਕਿਆ ਸ਼ੈਲੀ ਦੀ ਵਿਸ਼ੇਸ਼ਤਾ ਹੈ। ਮਹਾਂ ਸ਼ਿਵਰਾਤਰੀ 'ਤੇ, ਮੰਦਰ ਸੈਲਾਨੀਆਂ ਲਈ ਖਿੱਚ ਦਾ ਸਥਾਨ ਬਣ ਜਾਂਦਾ ਹੈ।



ਨਾਗੇਸ਼ਵਰ ਜੋਤਿਰਲਿੰਗ ਮੰਦਿਰ ਭਾਰਤ ਦੇ ਸਭ ਤੋਂ ਵੱਧ ਸਤਿਕਾਰਤ ਸ਼ਿਵ ਮੰਦਰਾਂ ਵਿੱਚੋਂ ਇੱਕ ਹੈ, ਜੋ ਕਿ ਭਗਵਾਨ ਸ਼ਿਵ ਦੇ 12 ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਮੰਦਰ ਨੂੰ ਖੇਤਰ ਵਿੱਚ ਇੱਕ ਪਵਿੱਤਰ ਸਥਾਨ ਮੰਨਿਆ ਜਾਂਦਾ ਹੈ। ਗੁਜਰਾਤ ਵਿੱਚ ਸੌਰਾਸ਼ਟਰ ਖੇਤਰ ਦੇ ਤੱਟ 'ਤੇ ਦਵਾਰਕਾ ਸ਼ਹਿਰ ਅਤੇ ਬੇਟ ਦਵਾਰਕਾ ਟਾਪੂ ਦੇ ਵਿਚਕਾਰ ਦੇ ਰਸਤੇ 'ਤੇ ਸਥਿਤ, ਇਸ ਮਹੱਤਵਪੂਰਨ ਭਗਵਾਨ ਸ਼ਿਵ ਮੰਦਰ ਵਿੱਚ ਇੱਕ ਬੈਠੇ ਭਗਵਾਨ ਸ਼ਿਵ ਦੀ 25 ਮੀਟਰ ਉੱਚੀ ਮੂਰਤੀ ਹੈ। ਇੱਥੇ ਇੱਕ ਤਾਲਾਬ ਦੇ ਨਾਲ ਇੱਕ ਵਿਸ਼ਾਲ ਬਾਗ ਹੈ, ਜੋ ਕਿ ਇਸ ਸ਼ਾਂਤ ਸਥਾਨ ਦੇ ਮੁੱਖ ਆਕਰਸ਼ਣ ਹਨ। ਤੁਸੀਂ ਮਹਾਂ ਸ਼ਿਵਰਾਤਰੀ ਦੀ ਪੂਰਵ ਸੰਧਿਆ 'ਤੇ ਸਥਾਨ ਦਾ ਦੌਰਾ ਕਰ ਸਕਦੇ ਹੋ.



ਭਾਰਤ ਦੇ ਤਾਮਿਲਨਾਡੂ ਰਾਜ ਦੇ ਰਾਮੇਸ਼ਵਰਮ ਟਾਪੂ ਵਿੱਚ ਸਥਿਤ, ਰਾਮਨਾਥਸਵਾਮੀ ਮੰਦਿਰ ਇੱਕ ਹਿੰਦੂ ਮੰਦਰ ਹੈ ਜੋ ਭਗਵਾਨ ਸ਼ਿਵ ਨੂੰ ਸਮਰਪਿਤ ਹੈ। ਇਹ ਭਗਵਾਨ ਸ਼ਿਵ ਦੇ 12 ਜਯੋਤਿਰਲਿੰਗ ਮੰਦਰਾਂ ਵਿੱਚੋਂ ਇੱਕ ਹੈ। ਇਸ ਸ਼ਿਵ ਮੰਦਿਰ ਦਾ 12ਵੀਂ ਸਦੀ ਦੌਰਾਨ ਪੰਡਯਾ ਰਾਜਵੰਸ਼ ਦੁਆਰਾ ਵਿਸਥਾਰ ਕੀਤਾ ਗਿਆ ਸੀ, ਅਤੇ ਇਸ ਦੇ ਮੁੱਖ ਅਸਥਾਨ ਨੂੰ ਜਾਫਨਾ ਰਾਜ ਦੇ ਜੈਵੀਰਾ ਸਿਨਕੇਰੀਆਨ ਅਤੇ ਉਸਦੇ ਉੱਤਰਾਧਿਕਾਰੀ ਗੁਣਵੀਰਾ ਸਿਨਕਿਆਰੀਆ ਦੁਆਰਾ ਬਹਾਲ ਕੀਤਾ ਗਿਆ ਸੀ। ਭਾਰਤ ਦੇ ਸਾਰੇ ਹਿੰਦੂ ਮੰਦਰਾਂ ਦੇ ਵਿਚਕਾਰ ਸਭ ਤੋਂ ਲੰਬਾ ਕੋਰੀਡੋਰ ਹੋਣ ਕਰਕੇ, ਇਹ ਸ਼ਹਿਰ ਦਾ ਇੱਕ ਆਕਰਸ਼ਣ ਦਾ ਕੇਂਦਰ ਹੈ।



ਗ੍ਰਿਹਿਨੇਸ਼ਵਰ ਜਯੋਤਿਰਲਿੰਗ ਜਾਂ ਧੂਸ਼ਮੇਸ਼ਵਰ ਮੰਦਿਰ ਵਜੋਂ ਵੀ ਜਾਣਿਆ ਜਾਂਦਾ ਹੈ, ਸ਼ਿਵ ਪੁਰਾਣ ਦੇ ਅਨੁਸਾਰ ਗ੍ਰਿਹਿਨੇਸ਼ਵਰ ਮੰਦਿਰ 12 ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਇਹ ਮੰਦਰ ਹਿੰਦੂ ਧਰਮ ਦੇ ਸ਼ਾਇਵ ਸੰਪਰਦਾ ਲਈ ਇੱਕ ਪ੍ਰਮੁੱਖ ਤੀਰਥ ਸਥਾਨ ਹੈ। ਇਹ ਮੰਦਰ ਮਸ਼ਹੂਰ ਏਲੋਰਾ ਗੁਫਾਵਾਂ ਤੋਂ ਲਗਭਗ 1 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਮੰਦਿਰ ਦਾ ਮੁਗਲ-ਮਰਾਠਾ ਸੰਘਰਸ਼ ਦੌਰਾਨ ਕਈ ਪੁਨਰ-ਨਿਰਮਾਣ ਅਤੇ ਮੁੜ-ਵਿਨਾਸ਼ ਦਾ ਇਤਿਹਾਸ ਹੈ। ਵਰਤਮਾਨ ਵਿੱਚ, ਇਹ ਹਿੰਦੂਆਂ ਦਾ ਇੱਕ ਮਹੱਤਵਪੂਰਨ ਤੀਰਥ ਸਥਾਨ ਹੈ, ਜਿੱਥੇ ਹਰ ਰੋਜ਼ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ।



ਗ੍ਰਿਹਿਨੇਸ਼ਵਰ ਜਯੋਤਿਰਲਿੰਗ ਜਾਂ ਧੂਸ਼ਮੇਸ਼ਵਰ ਮੰਦਿਰ ਵਜੋਂ ਵੀ ਜਾਣਿਆ ਜਾਂਦਾ ਹੈ, ਸ਼ਿਵ ਪੁਰਾਣ ਦੇ ਅਨੁਸਾਰ ਗ੍ਰਿਹਿਨੇਸ਼ਵਰ ਮੰਦਿਰ 12 ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਇਹ ਮੰਦਰ ਹਿੰਦੂ ਧਰਮ ਦੇ ਸ਼ਾਇਵ ਸੰਪਰਦਾ ਲਈ ਇੱਕ ਪ੍ਰਮੁੱਖ ਤੀਰਥ ਸਥਾਨ ਹੈ। ਇਹ ਮੰਦਰ ਮਸ਼ਹੂਰ ਏਲੋਰਾ ਗੁਫਾਵਾਂ ਤੋਂ ਲਗਭਗ 1 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਸ ਮੰਦਿਰ ਦਾ ਮੁਗਲ-ਮਰਾਠਾ ਸੰਘਰਸ਼ ਦੌਰਾਨ ਕਈ ਪੁਨਰ-ਨਿਰਮਾਣ ਅਤੇ ਮੁੜ-ਵਿਨਾਸ਼ ਦਾ ਇਤਿਹਾਸ ਹੈ। ਵਰਤਮਾਨ ਵਿੱਚ, ਇਹ ਹਿੰਦੂਆਂ ਦਾ ਇੱਕ ਮਹੱਤਵਪੂਰਨ ਤੀਰਥ ਸਥਾਨ ਹੈ, ਜਿੱਥੇ ਹਰ ਰੋਜ਼ ਵੱਡੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ।



ਕਾਸ਼ੀ ਵਿਸ਼ਵਨਾਥ ਮੰਦਰ ਭਾਰਤ ਦੇ ਸਭ ਤੋਂ ਵੱਧ ਸਤਿਕਾਰਤ ਸ਼ਿਵ ਮੰਦਰਾਂ ਵਿੱਚੋਂ ਇੱਕ ਹੈ, ਜੋ ਉੱਤਰ ਪ੍ਰਦੇਸ਼ ਰਾਜ ਦੇ ਪਵਿੱਤਰ ਸ਼ਹਿਰ ਵਾਰਾਣਸੀ ਵਿੱਚ ਸਥਿਤ ਹੈ। ਇਹ ਵੀ ਬਾਰਾਂ ਜਯੋਤਿਰਲਿੰਗਾਂ ਵਿੱਚੋਂ ਇੱਕ ਹੈ। ਇਹ ਭਗਵਾਨ ਸ਼ਿਵ ਦੇ ਪੈਰੋਕਾਰਾਂ ਦੇ ਦਿਲ ਵਿੱਚ ਇੱਕ ਮਹੱਤਵਪੂਰਨ ਸਥਾਨ ਰੱਖਦਾ ਹੈ। ਮਹਾਂ ਸ਼ਿਵਰਾਤਰੀ ਦੇ ਤਿਉਹਾਰ ਦੌਰਾਨ, ਮੰਦਰ ਨੂੰ ਸੁੰਦਰ ਢੰਗ ਨਾਲ ਸਜਾਇਆ ਜਾਂਦਾ ਹੈ।